ਅੰਮ੍ਰਿਤਸਰ, 22 ਅਪ੍ਰੈਲ (ਗਿਆਨ ਸਿੰਘ): ਸਥਾਨਕ ਜੀ.ਟੀ.ਰੋਡ ਛੇਹਰਟਾ ਵਿਖੇ ਪੰਜਾਬ ਯੂਥ ਕਲੱਬ ਵਲੋਂ ਇਕ ਮੁੱਫਤ ਹੋਮਿਓਪੈਥਿਕ ਮੈਡੀਕਲ ਕੈਂਪ ਵਿਜੇ ਕੁਮਾਰ ਦੀ ਅਗਵਾਈ ਵਿਚ ਲਗਾਇਆ ਗਿਆ। ਜਿਸ ਵਿਚ ਪੰਜਾਬ ਸਰਕਾਰ ਵਲੋਂ ਸਨਮਾਨਿਤ ਡਾ.ਪਰੂਥੀ ਹੋਮਿਓਪੈਥਿਕ ਮਲਟੀਸਪੈਸ਼ਲਿਟੀ ਕਲੀਨਿਕ ਛੇਹਰਟਾ ਦੀ ਪੰਜਾਬ ਪ੍ਰਸਿੱਧ ਹੋਮਿਓਪੈਥਿਕ ਡਾਕਟਰ ਡਾ.ਹਰਪ੍ਰੀਤ ਕੌਰ ਪਰੂਥੀ ਨੇ ਲੱਗਭਗ 150 ਮਰੀਜਾਂ ਦਾ ਮੁਫਤ ਮੁਆਇਨਾ ਕਰਕੇ ਮੁਫਤ ਦਵਾਈਆਂ ਦਿੱਤੀਆਂ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਡਾ.ਪਰੂਥੀ ਨੇ ਦੱਸਿਆ ਕਿ ਆਮ ਲੋਕਾਂ ਵਿਚ ਅੱਜ ਹੋਮਿਓਪੈਥਿਕ ਇਲਾਜ ਪ੍ਰਣਾਲੀ ਦਾ ਰੁਝਾਣ ਦਿਨੋਂ ਦਿਨ ਵੱਧ ਰਿਹਾ ਹੈ ਕਿਉਂਕਿ ਇਹ ਇਲਾਜ ਜਿਥੇ ਕਾਫੀ ਸੱਸਤਾ ਹੈ ਉਥੇ ਹੀ ਇਸ ਇਲਾਜ ਪ੍ਰਣਾਲੀ ਨਾਲ ਆਮ ਬਿਮਾਰੀਆਂ ਅਤੇ ਪੁਰਾਣੀਆ,ਲਾਇਲਾਜ ਬਿਮਾਰੀਆਂ ਠੀਕ ਹੋ ਜਾਂਦੀਆ ਹਨ ਅਪਣੀ ਗੁਣਵਤਾ ਦੇ ਕਾਰਨ ਅੱਜ ਹੋਮਿਓਪੈਥੀ ਭਾਰਤ ਦੀ ਦੂਸਰੇ ਨੰਬਰ ਦੀ ਸਭ ਤੋਂ ਜਿਆਦਾ ਲੋਕਪ੍ਰਿਯ ਇਲਾਜ ਪ੍ਰਣਾਲੀ ਹੈ। ਡਾ.ਪਰੂਥੀ ਨੇ ਕਿਹਾ ਕਿ ਐਲੋਪੈਥੀ ਸਮੇਤ ਜਿਥੇ ਮੈਡੀਕਲ ਦੀਆ ਸਾਰੀਆਂ ਵਿਦਿਆਵਾ ਫੇਲ ਹੋ ਜਾਂਦੀਆ ਹਨ ਉਥੇ ਹੋਮਿਓਪੈਥਿਕ ਦਵਾਈ ਕਾਰਗਾਰ ਸਿਧ ਹੁੰਦੀ ਹੈ । ਉਨਾਂ ਦਸਿਆ ਕਿ ਐਲੋਪੈਥੀ ਦਵਾਈਆ ਰੋਗ ਨੂੰ ਦਬਾ ਦਿੰਦੀਆ ਹਨ ਜਦਕਿ ਹੋਮਿਓਪੈਥਿਕ ਦਵਾਈਆ ਰੋਗ ਨੂੰ ਜੜੋਂ ਖਤਮ ਕਰਦੀਆ ਹਨ ਅਤੇ ਇੰਨਾਂ ਦਵਾਈਆ ਦੇ ਕੋਈ ਸਾਈਡ ਇਫੈਕਟ ਨਹੀ ਹਨ। ਉਨਾਂ ਦੱਸਿਆ ਕਿ ਆਯੋਕੇ ਯੁਗ ਵਿਚ ਜਿਥੇ ਇਲਾਜ ਪ੍ਰਣਾਲੀ ਬਹੁਤ ਮਹਿੰਗੀ ਸਿਧ ਹੋ ਰਹੀ ਹੈ ਉਥੇ ਹੀ ਹੋਮਿਓਪੈਥੀ ਇਲਾਜ ਕਾਫੀ ਸਸਤਾ ਹੈ ਅਤੇ ਇਹ ਪੀੜਿਤਾ ਦੇ ਲਈ ਅੰਮ੍ਰਿਤ ਕਲਸ ਹੈ ਜਿਸਦੀਆ ਦੋ ਬੂਦਾਂ ਦੀ ਦਵਾਈ ਨਾਲ ਵੱਡੀ ਤੋਂ ਵੱਡੀ ਬਿਮਾਰੀਆ ਨੂੰ ਜੜ ਤੋਂ ਖਤਮ ਕੀਤਾ ਜਾ ਸਕਦਾ ਹੈ, ਉਨਾਂ ਦੱਸਿਆ ਕਿ ਰੋਗ ਦੇ ਲਛਣ ਅਤੇ ਦਵਾਈ ਦੇ ਲਛਣ ਵਿਚ ਜਿੰਨੀ ਵਧ ਸਮਾਨਤਾ ਹੋਵੇਗੀ, ਰੋਗੀ ਦੇ ਸਿਹਤਮੰਦ ਹੋਣ ਦੀ ਸੰਭਾਵਨਾ ਵੀ ਉਨੀ ਹੀ ਵੱਧ ਰਹਿੰਦੀ ਹੈ ਡਾਕਟਰ ਦਾ ਤਜਰਬਾ ਇਸ ਪੈਥੀ ਵਿਚ ਜਿਆਦਾ ਕਾਰਗਾਰ ਹੈ। ਇਸ ਮੌਕੇ ਮਲਕੀਤ ਸਿੰਘ, ਹਰਿੰਦਰਪਾਲ ਸਿੰਘ, ਜਗਰੂਪ ਸਿੰਘ, ਕੁਲਵਿੰਦਰ ਸਿੰਘ,ਅਨੁਰ-ਾਗ ਮੋਹਨ, ਸਦਾਨੰਦ, ਮਹਿਮਾ ਅਰੋੜਾ, ਲਵਪ੍ਰੀਤ ਸਿੰਘ ਆਦਿ ਹਾਜਰ ਸਨ।

# ਲੋਕ ਕਵੀ ਸੰਤ ਰਾਮ ਉਦਾਸੀ ਮੰਚ ਵੱਲੋਂ 80ਵਾਂ ਜਨਮ ਦਿਨ ਸਮਾਗਮ



ਲੁਧਿਆਣਾ, 22 ਅਪ੍ਰੈਲ (ਗਿਆਨ ਸਿੰਘ): ਲੋਕ ਕਵੀ ਸੰਤ ਰਾਮ ਉਦਾਸੀ ਮੰਚ ਵਲੋਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾਲ ਸੰਤ ਰਾਮ ਉਦਾਸੀ ਦਾ 80ਵਾਂ ਜਨਮ ਦਿਨ ਪੰਜਾਬੀ ਭਵਨ ਲੁਧਿਆਣਾ ਵਿਖੇ ਮਨਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ, ਅਕਾਡਮੀ ਦੇ ਮੀਤ ਪ੍ਰਧਾਨ ਡਾ. ਗੁਲਜ਼ਾਰ ਸਿੰਘ ਪੰਧੇਰ, ਚਰਨ ਸਿੰਘ ਸਰਾਭਾ, ਡਾ. ਗੁਰਚਰਨ ਕੌਰ ਕੋਚਰ ਅਤੇ ਮੰਚ ਦੇ ਪ੍ਰਧਾਨ ਜਗਸ਼ਰਨ ਸਿੰਘ ਛੀਨਾ ਸ਼ਾਮਲ ਹੋਏ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸੰਤ ਰਾਮ ਉਦਾਸੀ ਧਰਤੀ ਦਾ ਪੁੱਤਰ ਕਵੀ ਸੀ ਜਿਸ ਨੇ ਧਰਤੀ ਦੇ ਦੁੱਖ ਸੁੱਖ ਨੂੰ ਆਪਣੇ ਸ਼ਬਦਾਂ 'ਚ ਪਰੋਇਆ। ਉਦਾਸੀ ਦੀ ਸ਼ਾਇਰੀ ਜਿੱਥੇ ਕੱਚੇ ਵਿਹੜਿਆਂ ਦੇ ਦਰਦ ਨੂੰ ਪੇਸ਼ ਕਰਦੀ ਹੈ ਉਥੇ ਨਾਲ ਹੀ ਧਰਤੀ ਦੇ ਸਵੈਮਾਣ ਨੂੰ ਵੀ ਪੇਸ਼ ਕਰਦੀ ਹੈ। ਉਨ੍ਹਾਂ ਕਿਹਾ ਕਿ ਉਦਾਸੀ ਨੇ ਮੇਰੀ ਪੀੜ੍ਹੀ ਦੇ ਸਿਰਜਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ।

# ਉੱਘੇ ਇਤਿਹਾਸਕਾਰ, ਖੋਜੀ ਅਤੇ ਵਿਦਵਾਨ ਲਿਖਾਰੀਆਂ ਦੀ ਇਕੱਤਰਤਾ

### ਇਤਿਹਾਸ ਨਾਲ਼ ਕੀਤੀ ਜਾ ਰਹੀ ਛੇੜ ਛਾੜ ਅਤੇ ਪਾਏ ਜਾ ਰਹੇ ਭੁਲੇਖਿਆਂ ਬਾਰੇ ਵਿਚਾਰਾਂ



ਜਲੰਧਰ, 22 ਅਪ੍ਰੈਲ (ਗਿਆਨ ਸਿੰਘ ): ਰਾਮਗੜ੍ਹੀਆ ਦਰਪਣ ਵੱਲੋ ਕੌਮ ਦੇ ਉੱਘੇ ਇਤਿਹਾਸਕਾਰ, ਖੋਜੀ ਅਤੇ ਵਿਦਵਾਨ ਲਿਖਾਰੀਆਂ ਦੀ ਇਕ ਵਿਸ਼ੇਸ ਇਕੱਤਰਤਾ ਕੀਤੀ ਗਈ ਜਿਸ ਵਿੱਚ ਸਵਰਨ ਸਿੰਘ ਸੱਗੂ ਨਕੋਦਰ, ਕੇਹਰ ਸਿੰਘ ਮਠਾੜੂ ਕਨੇਡਾ, ਗਿਆਨ ਸਿੰਘ ਭੰਮਰਾ ਅੰਮ੍ਰਿਤਸਰ, ਭੁਪਿੰਦਰ ਉਸਤਾਦ ਜਲੰਧਰ, ਦੇਵਿੰਦਰ ਸਿੰਘ ਜੀਆ ਨੱਥਾ, ਲਾਲ ਸਿੰਘ ਕਲਸੀ ਫ਼ਰੀਦਕੋਟ, ਵਿਸਾਖਾ ਸਿੰਘ ਸਿਹਰਾ ਟਾਂਡਾ, ਸੁਖਵਿੰਦਰ ਸਿੰਘ ਸੋਹਲ, ਹਰਜਿੰਦਰ ਸਿੰਘ ਜਲੰਧਰ, ਭੁਪਿੰਦਰ ਸਿੰਘ ਉੱਭੀ ਅਡੀਟਰ ਰਾਮਗੜੀਆ ਦਰਪਨ ਸ਼ਾਮਿਲ ਸਨ. ਇਸ ਇਕੱਤਰਤਾ ਵਿੱਚ ਰਾਮਗੜ੍ਹੀਆ ਇਤਿਹਾਸ ਨਾਲ਼ ਕੀਤੀ ਜਾ ਰਹੀ ਛੇੜ ਛਾੜ ਅਤੇ ਪਾਏ ਜਾ ਰਹੇ ਭੁਲੇਖਿਆਂ ਬਾਰੇ ਖੁੱਲ ਕੇ ਵਿਚਾਰਾਂ ਹੋਈਆਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ, ਭਾਈ ਲਾਲੋ ਜੀ, ਭਾਈ ਸੁੱਖਾ ਸਿੰਘ ਕਲਸੀ ਮਾੜੀ ਕੰਬੋਕੀ, ਬਾਬਾ ਵਿਸ਼ਵਕਰਮਾ ਜੀ ਵਰਗੇ ਭਾਈਚਾਰਕ ਨਾਇਕਾਂ ਬਾਰੇ ਕਈ ਕਿਤਾਬਾਂ ਗਾਈਆਂ ਹਨ ਹਰ ਲਿਖਾਰੀ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਹਨ, ਜਿਹੜੇ ਇਕ ਦੂਸਰੇ ਨਾਲ ਮੇਲ ਨਹੀਂ ਖਾਂਦੇ ਇਸ ਨਾਲ ਪਾਠਕਾਂ ਕੋਲ ਗ਼ਲਤ ਜਾਣਕਾਰੀ ਜਾਂਦੀ ਹੈ ਅਤੇ ਸਾਡੇ ਮਹਾਪੁਰਸ਼ਾਂ ਦਾ ਕਿਰਦਾਰ ਵੀ ਗੰਧਲਾ ਹੁੰਦਾ ਹੈ ਸਮਾਜ ਅੱਗੇ ਸਹੀ ਇਤਿਹਾਸ ਪੇਸ਼ ਕਰਨਾ, ਅਤੇ ਇਕੋ ਇਕ ਸਰਬ ਪ੍ਰਮਾਣਿਕ ਇਤਿਹਾਸ ਦੀ ਸਿਰਜਨਾ ਅਤੇ ਪੁਸਤਕਾਂ ਦੇ ਪ੍ਰਕਾਸ਼ਨ ਲਈ ਇਕ ਸੰਸਥਾ ਅਤੇ ਸੈਂਸਰ ਬੋਰਡ ਬਣਾਉਣ ਦਾ ਫੈਸਲਾ ਲਿਆ ਗਿਆ ਇਹ ਸੰਸਥਾ ਇਸ ਗੱਲ ਦਾ ਖਿਆਲ ਰੱਖੇਗੀ ਕੀ ਲਿਖਾਰੀ ਤੱਥਾਂ ਦੇ ਨਾਲ ਨਾਲ ਅਪਣੀ ਸੂਝ ਬੂਝ ਬੀ ਵਰਤਣ ਇਸ ਗੱਲ ਤੇ ਵੀ ਚਰਚਾ ਹੋਈ ਕਿ ਇਕੋ ਇਕ ਪ੍ਰਮਾਣਕ ਇਤਿਹਾਸ ਹੀ ਬਣਾਇਆ ਜਾਏ, ਬਾਰ ਬਾਰ ਇਤਿਹਾਸ ਨਾ ਲਿਖਿਆ ਜਾਵੇ ਇਕੋ ਇਤਿਹਾਸ ਤੇ ਹੀ ਪਹਿਰਾ ਦਿੱਤਾ ਜਾਵੇ ਇਸ ਕੰਮ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਜਿਸਦੇ ਪ੍ਰਧਾਨ ਲਈ ਸਵਰਨ ਸਿੰਘ ਸੱਗੂ ਜੀ ਦਾ ਨਾਮ ਪਰਵਾਨ ਕੀਤਾ ਗਿਆ ਜਨਰਲ ਸਕੱਤਰ ਲਈ ਗਿਆਨ ਸਿੰਘ ਭੰਮਰਾ, ਸਕੱਤਰ ਲਈ ਲਾਲ ਸਿੰਘ ਕਲਸੀ ਦਾ ਨਾਮ ਪਾਸ ਕੀਤਾ ਗਿਆ ਕੇਹਰ ਸਿੰਘ ਮਠਾੜੂ ਕਨੇਡਾ ਅੰਤਰਰਾਸ਼ਟਰੀ ਕੰਨਵੀਨਰ ਅਤੇ ਭੁਪਿੰਦਰ ਸਿੰਘ ਉੱਭੀ ਮੀਡੀਆ ਇੰਚਾਰਜ ਹੋਣਗੇ ਅਸੀਂ ਅਪਣੇ ਸਾਰੇ ਭਰਾਵਾਂ ਨੂੰ ਇਸ ਵਿਸ਼ੇ ਤੇ ਆਪਣੇ ਬਹੁਮੁੱਲੇ ਵਿਚਾਰ ਭੇਜਣ ਦੀ ਬੇਨਤੀ ਕਰਦੇ ਹਾਂ।

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193
148-2960 Drew Road, Mississauga ON L4T 0A5 Harcharan S. Grover



ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
Minimum 1 year experience & Trained mechanic
•6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ •Biweekly payment
•Homely Environment •ਵਧੀਆ ਤਨਖਾਹ
Also need Body Shop Mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



# ਸੰਪਾਦਕੀ

## ਚਿੰਤਨ ਕਰਨਾ ਬਣਦਾ ਹੈ ਕੈਨੇਡੀਅਨ ਆਰਥਕ ਸਥਿਤੀ ਬਾਰੇ

ਆਈਪੋਸ (Ipsos) ਵੱਲੋਂ ਕੈਨੇਡਾ ਦੀਆਂ ਸੱਭ ਤੋਂ ਵੱਡੀਆਂ ਪ੍ਰੋਫੈਸ਼ਨਲ ਅਕਾਊਂਟਿੰਗ ਅਤੇ ਬਿਜਨਸ ਕਨਸਲਟੈਂਸੀ ਫਰਮਾਂ ਵਿੱਚ ਇੱਕ ਐਮ. ਐਨ. ਪੀ. (MNP) ਲਈ ਕਰਵਾਏ ਗਏ ਇੱਕ ਸਰਵੇਖਣ ਮੁਤਾਬਕ 48% ਕੈਨੇਡੀਅਨ ਅਜਿਹੇ ਹਨ ਜਿਹਨਾਂ ਦੀ ਵਿੱਤੀ ਦਿਵਾਲੀਏਪਣ (financial inslovency) ਤੋਂ ਮਹਿਜ਼ 200 ਡਾਲਰ ਦੀ ਵਿੱਥ ਹੈ। ਸਰਵੇਖਣ ਮੁਤਾ-ਬਕ ਉਂਟੇਰੀਓ ਵਿੱਚ 48% ਲੋਕ ਦਿਵਾਲੀਏਪਣ ਦੀ ਮਾਰ ਦੇ ਨਜ਼ਦੀਕ ਹਨ ਜਦੋਂ ਕਿ ਇਹ ਦਰ ਕਿਉਬਿੱਕ ਵਿੱਚ 51% ਅਤੇ ਐਟਲਾਂਟਿਕ ਪ੍ਰੋਵਿੰਸਾਂ ਵਿੱਚ 55% ਹੈ। ਕੁੱਲ ਮਿਲਾ ਕੇ ਉਂਟੇਰੀਓ ਵਾਸੀਆਂ ਦੀ ਸਥਿਤੀ ਸਮੁੱਚੇ ਦੇਸ਼ ਵਿੱਚ ਪਾਈ ਜਾ ਰਹੀ ਔਸਤ ਦੇ ਬਰਾਬਰ ਹੈ। ਸਰਵੇਖਣ ਦਾ ਇਹ ਵੀ ਸਿੱਟਾ ਹੈ ਕਿ ਹਾਲਾਤਾਂ ਦੇ ਕਾਫੀ ਪਤਲੇ ਅਤੇ ਅਣਕਿਆਸੇ ਹੋਣ ਦੇ ਬਾਵਜੂਦ ਕੈਨੇਡੀਅਨਾਂ ਦੀ ਮਾਨਸਿਕਤਾ ਅਜਿਹੀ ਬਣੀ ਹੋਈ ਹੈ ਕਿ ਉਹ ਧੜਾਧੜ ਕਰਜ਼ ਲੈਂਦੇ ਚਲੇ ਜਾ ਰਹੇ ਹਨ।

ਆਈਪੋਸ (Ipsos) ਸਰਵੇਖਣ ਦੇ ਨਤੀਜੇ ਫਾਨਾਂਸ਼ੀਅਲ ਪੋਸਟ ਦੇ ਕਾਲਮਨਵੀਸ ਸਟੀਫਨ ਮੋਰੀਨਿਸ ਅਤੇ ਮੁਰਤਜ਼ਾ ਹੈਦਰ ਵੱਲੋਂ ਨਵੇਂ ਪਰਵਾਸੀਆਂ ਵੱਲੋਂ ਮੇਨ-ਸਟਰੀਮ ਕੈਨੇਡੀਅਨਾਂ ਦੇ ਮੁਕਾਬਲੇ ਪੈਦਾ ਕੀਤੀ ਜਾ ਰਹੀ ਜਾਇਦਾਦ ਹਾਸਲ ਕਰਨ ਵਿੱਚ ਬਰਾਬਰਤਾ ਬਾਰੇ ਕੀਤੀ ਸਟੱਡੀ ਦੇ ਨਤੀਜਿਆਂ ਬਾਰੇ ਦਿਲਚਸਪ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ। ਫਾਈਨਾਂਸ਼ੀਅਲ ਪੋਸਟ ਦੀ ਸਟੱਡੀ ਵਿੱਚ ਪਾਇਆ ਗਿਆ ਸੀ ਕਿ ਜੇ ਕੋਈ ਪਰਵਾਸੀ 1999 ਵਿੱਚ ਕੈਨੇਡਾ ਆਇਆ ਸੀ ਤਾਂ ਉਸਨੂੰ ਜਾਇਦਾਦ ਦੇ ਮਾਮਲੇ ਵਿੱਚ ਮੇਨ-ਸਟਰੀਮ ਕੈਨੇਡੀਅਨਾਂ ਦੇ ਬਰਾਬਰ ਪੁੱਜਣ ਲਈ 7 ਸਾਲ ਦਾ ਅਰਸਾ ਲੱਗਿਆ ਭਾਵ ਉਸਨੇ ਇਹ ਬਰਾਬਰੀ 2006 ਵਿੱਚ ਜਾ ਕੇ ਹਾਸਲ ਕੀਤੀ। ਇਸ ਸਟੱਡੀ ਦਾ ਇੱਕ ਦਿਲਚਸਪ ਪਹਿਲੂ ਇਹ ਸੀ ਕਿ ਜਾਇਦਾਦ ਵਿੱਚ ਬਰਾਬਰੀ ਤੱਕ ਪੁੱਜਣ ਵਿੱਚ ਬਹੁ-ਗਿਣਤੀ ਪਰਵਾਸੀਆਂ ਨੇ ਰੀਅਲ-ਐਸਟੇਟ ਵਿੱਚ ਨਿਵੇਸ਼ ਕਰਨ ਦਾ ਸਹਾਰਾ ਲਿਆ। ਇਸਦਾ ਅਰਥ ਇਹ ਵੀ ਹੈ ਕਿ ਰੀਅਲ ਐਸਟੇਟ ਵਿੱਚ ਹੋਣ ਵਾਲੇ ਉਤਰਾਅ ਚੜਾਅ ਇੰਮੀਗਰਾਂਟਾਂ ਦੀ ਜਾਇਦਾਦ ਇੱਕਤਰ ਕਰਨ ਦੀ ਸਮਰੱਥਾ ਨੂੰ ਵੱਡੇ ਪੱਧਰ ਉੱਤੇ ਪ੍ਰਭਾਵਿਤ ਕਰਦੇ ਹਨ ਅਤੇ ਕਰਦੇ ਰਹਿਣਗੇ।

ਜੇ ਗੱਲ ਨੂੰ ਦੁਬਾਰਾ ਕੈਨੇਡੀਅਨਾਂ ਦੇ ਦਿਵਾਲੀਏਪਣ ਦੇ ਕੰਢੇ ਪੁੱਜਣ ਵੱਲ ਲਿਆਂਦਾ ਜਾਵੇ ਤਾਂ 40% ਕੈਨੇਡੀਅਨਾਂ ਦਾ ਇਹ ਕਬੂਲ ਕਰਨਾ ਚਿੰਤਾ ਜਨਕ ਹੈ ਕਿ ਜੇ ਉਹ ਕਰਜ਼ਾ ਨਹੀਂ ਲੈਣਗੇ ਤਾਂ ਉਹ ਅਗਲੇ 12 ਮਹੀਨੇ ਦੇ ਅਰਸੇ ਵਿੱਚ ਆਪਣੇ ਘਰੇਲੂ ਖਰਚੇ ਪੂਰੇ ਨਹੀਂ ਕਰ ਸਕੱਣਗੇ। ਬੈਂਕਾਂ, ਵਿੱਤੀ ਸੰਸਥਾਵਾਂ, ਜਾਂ ਹੋਰ ਸ੍ਰੋਤਾਂ ਤੋਂ ਹੁਧਾਰ ਲੈਣਾ ਕੈਨੇਡੀਅਨਾਂ ਦੀ ਮਜ਼ਬੂਰੀ ਬਣਦੀ ਜਾ ਰਹੀ ਹੈ। ਆਰਥਕ ਮਾਹਰ ਇਸ ਗੱਲ ਤੋਂ ਵੀ ਚਿੰਤਤ ਹਨ ਕਿ ਕੈਨੇਡਾ ਦੇ ਵੱਡੇ ਬੈਂਕ ਹਾਲੇ ਇਸ ਗੱਲ ਦੀ ਪੂਰੀ ਸਮਝ ਨਹੀਂ ਬਣਾ ਸਕੇ ਕਿ ਕੈਨੇਡੀਅਨਾਂ ਵੱਲੋਂ ਵੱਧ ਕਰਜ਼ੇ ਲੈਣ ਦਾ ਆਖਰ ਨੂੰ ਕੈਨੇਡੀਅਨ ਅਰਥਚਾਰੇ ਉੱਤੇ ਕਿੰਨਾ ਮਾੜਾ ਪੈ ਸਕਦਾ ਹੈ। ਬੈਂਕ ਆਫ ਕੈਨੇਡਾ ਪਿਛਲੇ 12 ਮਹੀਨੇ ਵਿੱਚ 3 ਵਾਰ ਵਿਆਜ਼ ਦੀਆਂ ਦਰਾਂ ਵਧਾ ਚੁੱਕਾ ਹੈ ਅਤੇ ਕੱਲ ਬੁੱਧਵਾਰ ਨੂੰ ਇਸ ਬਾਬਤ ਦੁਬਾਰਾ ਐਲਾਨ ਕੀਤੇ ਜਾਣ ਦੀ ਉਮੀਦ ਹੈ। ਵਿੱਤੀ ਨਿਵੇਸ਼ ਬਾਬਤ ਵਿਸ਼ਵ ਭਰ ਵਿੱਚ ਮਸ਼ਹੂਰ ਹੋ ਚੁੱਕੇ ਸਟੀਵ ਆਈਸਮੈਨ (Steve Eisman) ਦਾ ਆਖਣਾ ਹੈ ਕਿ ਕੈਨੇਡਾ ਵਾਸੀ ਕਰਜ਼ੇ ਦੇ ਅਜਿਹੇ ਬੁਲਬੁਲੇ ਉੱਤੇ ਆਸਰਾ ਰੱਖੀਂ ਬੈਠੇ ਹਨ ਜੋ ਕਿਸੇ ਵੀ ਵੇਲੇ ਫੁੱਟ ਸਕਦਾ ਹੈ। ਚੇਤੇ ਰਹੇ ਕਿ ਸਟੀਵ ਆਈਸਮੈਨ ਉਹ ਮਾਹਰ ਹੈ ਜਿਸਨੇ ਇੱਕ ਦਹਾਕਾ ਪਹਿਲਾਂ ਅਮਰੀਕਾ ਵਿੱਚ ਆਏ ਹਾਊਸਿੰਗ ਨਿਘਾਰ ਦਾ ਸਮੇਂ ਤੋਂ ਪਹਿਲਾਂ ਅਨੁਮਾਨ ਲਾ ਕੇ ਢੰਢੋਰਾ ਪਿੱਟਣਾ ਆਰੰਭ ਕਰ ਦਿੱਤਾ ਸੀ। ਸਟੀਵ ਦਾ ਕਿਆਸ ਹੈ ਕਿ ਕੈਨੇਡਾ ਦੀ ਸਥਿਤੀ ਅਮਰੀਕਾ ਵਰਗੀ ਪਤਲੀ ਤਾਂ ਨਹੀਂ ਹੋਣ ਜਾ ਰਹੀ ਪਰ ਕੈਨੇਡੀਅਨ ਆਗੂਆਂ ਨੂੰ ਇਸ ਬਾਬਤ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

ਮਾਹਰਾਂ ਨੂੰ ਇਸ ਗੱਲ ਦੀ ਵੀ ਚਿੰਤਾ ਹੈ ਕਿ ਜਿਸ ਵੇਲੇ ਆਮ ਕੈਨੇਡੀਅਨ ਵਿੱਤੀ ਸੰਕਟ ਵਿੱਚ ਘਿਰਦਾ ਹੈ ਤਾਂ ਸਿੱਟੇ ਵਜੋਂ ਉਸਦੀ ਵਸਤਾਂ ਖਰੀਦਣ ਦੀ ਸਮਰੱਥਾ ਘੱਟ ਜਾਂਦੀ ਹੈ ਹਾਲਾਂਕਿ ਕੈਨੇਡਾ ਦੀ ਆਰਥਕਤਾ ਦਾ 60% ਦਾਰੋਮਦਾਰ ਰੀਟੇਲ ਸੇਲ ਉੱਤੇ ਟਿਕਿਆ ਹੋਇਆ ਹੈ। ਜੇ ਰੀਟੇਲ ਸੇਲ ਘੱਟਦੀ ਹੈ ਤਾਂ ਜੌਬਾਂ ਦਾ ਨੁਕਸਾਨ ਹੁੰਦਾ ਹੈ ਜਿਸਦਾ ਸਿੱਧਾ ਅਸਰ ਸਮੁੱਚੀ ਆਰਥਕਤਾ ਉੱਤੇ ਪੈਂਦਾ ਹੈ। ਅਜਿਹੀ ਸਥਿਤੀ ਵਿੱਚ ਆਮ ਕੈਨੇਡੀਅਨਾਂ ਲਈ ਵੀ ਜਰੂਰੀ ਹੈ ਕਿ ਉਹ ਆਪਣੇ ਖਰਚਿਆਂ ਬਾਬਤ ਸੁਚੇਤ ਹੋ ਕੇ ਚੱਲਣ। ਬੇਸ਼ੱਕ ਆਰਥਕਤਾ ਦੇ ਵਿਕਾਸ ਦਾ ਗੇਅਰ ਵੱਡੇ ਬੈਂਕਾਂ ਅਤੇ ਸਰਕਾਰ ਦੀਆਂ ਪਾਲਸੀਆਂ ਹੱਥ ਹੁੰਦਾ ਹੈ ਪਰ ਆਮ ਵਿਅਕਤੀ ਨੂੰ ਖੁਦ ਦੀ ਜੁੰਮੇਵਾਰੀ ਪ੍ਰਤੀ ਸੁਚੇਤ ਰਹਿਣਾ ਲਾਜ਼ਮੀ ਹੈ।

## ਬੰਬ ਧਮਾਕਿਆਂ ਤੋਂ ਬਾਅਦ ਸ੍ਰੀ ਲੰਕਾ ਦੀ ਫੌਜ ਨੂੰ ਮਿਲੀਆਂ ਵਿਸ਼ੇਸ਼ ਸ਼ਕਤੀਆਂ

...ਪੰਨਾ 1 ਦਾ ਬਾਕੀ

ਕੋਲੰਬੋ ਦੇ ਮੇਨ ਬੱਸ ਡੀਪੂ ਲਾਗੇ ਦਰਜਨਾਂ ਡਿਟੋਨੇਟਰਜ਼ ਵੀ ਮਿਲੇ ਪਰ ਅਧਿਕਾਰੀਆਂ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਇਨ੍ਹਾਂ ਦਾ ਹਮਲਿਆਂ ਨਾਲ ਕੋਈ ਲੈਣਾ ਦੇਣਾ ਸੀ ਜਾਂ ਨਹੀਂ। ਸਰਕਾਰ ਨੇ ਫੇਸਬੁੱਕ, ਵ੍ਹਾਟਸਅੱਪ ਤੇ ਇਨਸਟਾਗ੍ਰਾਮ ਵਰਗੇ ਸੋਸ਼ਲ ਮੀਡੀਆ ਨੂੰ ਧਮਾਕਿਆਂ ਤੋਂ ਬਾਅਦ ਬਲਾਕ ਕਰ ਦਿੱਤਾ। ਸੋਮਵਾਰ ਰਾਤ ਤੋਂ ਦੇਸ਼ ਭਰ ਵਿੱਚ ਐਮਰਜੰਸੀ ਲਾਏ ਜਾਣ ਦਾ ਵੀ ਐਲਾਨ ਕੀਤਾ ਗਿਆ ਹੈ। ਇਹ ਜਾਣਕਾਰੀ ਰਾਸ਼ਟਰਪਤੀ ਦੇ ਆਫਿਸ ਵੱਲੋਂ ਦਿੱਤੀ ਗਈ। ਟੂਰਿਜ਼ਮ ਮੰਤਰੀ ਜੌਹਨ ਅਮਰਤੁੰਗੇ ਨੇ ਦੱਸਿਆ ਕਿ ਇਨ੍ਹਾਂ ਧਮਾਕਿਆਂ ਵਿੱਚ 39 ਵਿਦੇਸ਼ੀ ਸੈਲਾਨੀ ਮਾਰੇ ਗਏ ਜਦਕਿ ਵਿਦੇਸ਼ ਮੰਤਰਾਲੇ ਵੱਲੋਂ ਇਸ ਦੌਰਾਨ ਮਰਨ ਵਾਲੇ ਸੈਲਾਨੀਆਂ ਦੀ ਗਿਣਤੀ 31 ਦੱਸੀ ਗਈ ਸੀ। ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਚਾਰ ਅਮਰੀਕੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਸ੍ਰੀ ਲੰਕਾ ਸਰਕਾਰ ਦਾ ਕਹਿਣਾ ਹੈ ਕਿ ਮਾਰੇ ਗਏ ਵਿਦੇਸ਼ੀ ਨਾਗਰਿਕਾਂ ਵਿੱਚ ਯੂਕੇ, ਬੰਗਲਾਦੇਸ਼, ਚੀਨ, ਭਾਰਤ, ਫਰਾਂਸ, ਜਾਪਾਨ, ਨੀਦਰਲੈਂਡਜ਼, ਪੁਰਤਗਾਲ, ਸਾਊਦੀ ਅਰਬ, ਸਪੇਨ, ਤੁਰਕੀ ਤੇ ਆਸਟਰੇਲੀਆ ਦੇ ਨਾਗਰਿਕ ਸ਼ਾਮਲ ਹਨ।

## ਪ੍ਰਿਅੰਕਾ ਚਤੁਰਵੇਦੀ ਕਾਂਗਰਸ ਨੂੰ ਛੱਡ ਕੇ ਸ਼ਿਵ ਸੈਨਾ ਵਿੱਚ ਸ਼ਾਮਲ

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ)- ਭਾਰਤ ਵਿੱਚ ਪਾਰਲੀਮੈਂਟ ਚੋਣਾਂ ਦੇ ਦੋ ਪੜਾਵਾਂ ਦੀ ਵੋਟਿੰਗ ਹੋ ਚੁੱਕੀ ਹੈ ਅਤੇ ਕਾਂਗਰਸ ਪਾਰਟੀ ਨੂੰ ਇਕ ਪਿੱਛੋਂ ਦੂਸਰਾ ਝਟਕੇ ਲੱਗ ਰਹੇ ਹਨ। ਇਸ ਵਾਰ ਵੱਡਾ ਝਟਕਾ ਇਹ ਹੈ ਕਿ ਪਾਰਟੀ ਦੀ ਮਹਿਲਾ ਬੁਲਾਰਾ ਪ੍ਰਿਅੰਕਾ ਚਤੁਰਵੇਦੀ ਨੇ ਕਾਂਗਰਸ ਤੋਂ ਅਸਤੀਫ਼ਾ ਦੇ ਕੇ ਸ਼ਿਵ ਸੈਨਾ ਦਾ ਪੱਲਾ ਫੜ ਲਿਆ ਹੈ।

ਪ੍ਰਿਅੰਕਾ ਚਤੁਰਵੇਦੀ ਉੱਤਰ ਪ੍ਰਦੇਸ਼ ਵਿਚ ਆਪਣੇ ਨਾਲ ਬਦਸਲੂਕੀ ਕਰਨ ਵਾਲਿਆਂ ਨੂੰ ਫਿਰ ਪਾਰਟੀ ਵਿਚ ਲੈਣ ਤੋਂ ਨਾਰਾਜ਼ ਸੀ। ਅੱਜ ਉਸ ਨੇ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਦੀ ਹਾਜ਼ਰੀ ਵਿੱਚ ਪਾਰਟੀ ਦੀ ਮੈਂਬਰਸ਼ਿਪ ਹਾਸਲ ਕਰ ਲਈ। ਇਸ ਮੌਕੇ ਉਨ੍ਹਾਂ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ ਟਿਕਟ ਨਾ ਮਿਲਣ ਤੋਂ ਨਾਰਾਜ਼ ਨਹੀਂ, ਸਗੋਂ ਇਸ ਲਈ ਦੁਖੀ ਹੋ ਕੇ ਕਾਂਗਰਸ ਤੋਂ ਵੱਖ ਹੋਈ ਹੈ ਕਿ ਬੜੇ ਮਾੜੇ ਲੋਕਾਂ ਨੂੰ ਪਾਰਟੀ ਵਿੱਚ ਲਿਆ ਜਾ ਰਿਹਾ ਹੈ। ਉਨ੍ਹਾਂ ਨੇ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਨੂੰ ਦੋ ਸਫੇ ਦਾ ਅਸਤੀਫ਼ਾ ਭੇਜਿਆ ਹੈ। ਅਸਤੀਫ਼ਾ ਦੇਣ ਤੋਂ ਬਾਅਦ ਪ੍ਰਿਅੰਕਾ ਚਤੁਰਵੇਦੀ ਨੇ ਟਵੀਟ ਕੀਤਾ ਕਿ ਮੈਨੂੰ ਦੇਸ਼ ਭਰ ਤੋਂ ਜੋ ਪਿਆਰ ਤੇ ਸਮਰਥਨ ਮਿਲਿਆ, ਉਸ ਲਈ ਮੈਂ ਪੂਰੀ ਤਰ੍ਹਾਂ ਧੰਨਵਾਦੀ ਹਾਂ। ਉਸ ਨੇ ਰਾਹੁਲ ਗਾਂਧੀ ਨੂੰ ਭੇਜੇ ਪੱਤਰ ਵਿੱਚ ਲਿਖਿਆ ਹੈ ਕਿ ਬੜੇ ਦੁੱਖ ਨਾਲ ਮੈਂ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਰਹੀ ਹਾਂ। ਉਨ੍ਹਾਂ ਲਿਖਿਆ ਕਿ 10 ਸਾਲ ਪਹਿਲਾਂ ਮੈਂ ਵਿਚਾਰਧਾਰਾ ਤੋਂ ਪ੍ਰਭਾਵਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਈ ਸੀ।

ਵਰਣਨ ਯੋਗ ਹੈ ਕਿ ਪ੍ਰਿਅੰਕਾ ਨੇ ਆਪਣੇ ਟਵਿੱਟਰ ਅਕਾਊਂਟ ਤੋਂ ਕਾਂਗਰਸ ਦਾ ਨਾਂ ਹਟਾ ਦਿੱਤਾ ਹੈ। ਇਸ ਬਾਰੇ ਸੂਤਰਾਂ ਦਾ ਕਹਿਣਾ ਹੈ ਕਿ ਪਿਛਲੇ ਦਿਨੀਂ ਉੱਤਰ ਪ੍ਰਦੇਸ਼ ਦੇ ਮਥੁਰਾ ਵਿੱਚ ਰਾਫੇਲ ਡੀਲ ਬਾਰੇ ਇਕ ਪ੍ਰੈੱਸ ਕਾਨਫਰੰਸ ਕੀਤੀ ਤਾਂ ਉਥੇ ਕਾਂਗਰਸ ਦੇ ਕੁਝ ਵਰਕਰਾਂ ਨੇ ਪ੍ਰਿਅੰਕਾ ਨਾਲ ਅਸ਼ਲੀਲ ਅਤੇ ਭੱਦਾ ਵਿਹਾਰ ਕੀਤਾ ਸੀ। ਪ੍ਰਿਅੰਕਾ ਨੇ ਇਸ ਬਾਰੇ ਕਾਂਗਰਸ ਅਨੁਸ਼ਾਸਨ ਕਮੇਟੀ ਨੂੰ ਸ਼ਿਕਾਇਤ ਕੀਤੀ ਤਾਂ ਉੱਤਰ ਪ੍ਰਦੇਸ਼ ਕਾਂਗਰਸ ਨੇ ਦੋਸ਼ੀ ਵਰਕਰਾਂ ਦੇ ਖ਼ਿਲਾਫ਼ ਕਾਰਵਾਈ ਕੀਤੀ, ਪਰ ਬਾਅਦ ਵਿੱਚ ਪਾਰਟੀ ਨੇ ਦੋਸ਼ੀ ਵਰਕਰਾਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਰੱਦ ਕਰ ਦਿੱਤੀ ਤਾਂ ਪ੍ਰਿਅੰਕਾ ਇਸ ਤੋਂ ਨਾਰਾਜ਼ ਹੋ ਗਈ। ਉਸ ਪਿੱਛੋਂ ਪ੍ਰਿਅੰਕਾ ਨੇ ਟਵੀਟ ਕੀਤਾ, 'ਬੜੇ ਦੁੱਖ ਦੀ ਗੱਲ ਹੈ ਕਿ ਪਾਰਟੀ ਮਾਰ-ਕੁੱਟ ਕਰਨ ਵਾਲੇ ਬਦਮਾਸ਼ਾਂ ਨੂੰ ਵੱਧ ਧਿਆਨ ਦਿੰਦੀ ਹੈ, ਬਜਾਏ ਉਨ੍ਹਾਂ ਦੇ ਜੋ ਖ਼ੂਨ-ਪਸੀਨੇ ਨਾਲ ਕੰਮ ਕਰਦੇ ਹਨ। ਪਾਰਟੀ ਦੇ ਲਈ ਮੈਂ ਭੱਦੀ ਭਾਸ਼ਾ ਤੋਂ ਲੈ ਕੇ ਹੱਥੋਪਾਈ ਵੀ ਝੱਲੀ, ਪਰ ਫਿਰ ਵੀ ਜਿਨ੍ਹਾਂ ਲੋਕਾਂ ਨੇ ਮੈਨੂੰ ਪਾਰਟੀ ਅੰਦਰ ਧਮਕੀ ਦਿੱਤੀ, ਉਨ੍ਹਾਂ ਉੱਤੇ ਕੋਈ ਵੀ ਠੋਸ ਕਾਰਵਾਈ ਨਹੀਂ ਹੋਈ।'

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਬੰਗਲਾ ਦੇਸ਼ ਦੇ ਇੱਕ ਹੋਰ ਅਭਿਨੇਤਾ ਨੂੰ ਭਾਰਤ ਛੱਡਣ ਦਾ ਹੁਕਮ

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ)- ਬੰਗਲਾ ਦੇਸ਼ ਦੇ ਇੱਕ ਹੋਰ ਫਿਲਮ ਅਭਿਨੇਤਾ ਗਾਜ਼ੀ ਅਬਦੁਲ ਨੂਰ ਨੂੰ ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਦੇ ਜਲਸਿਆਂ ਵਿੱਚ ਹਿੱਸਾ ਲੈਣ ਕਾਰਨ ਭਾਰਤ ਛੱਡਣ ਦਾ ਹੁਕਮ ਦਿੱਤਾ ਗਿਆ ਹੈ। ਕੇਂਦਰੀ ਗ੍ਰਹਿ ਮੰਤਰਾਲਾ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਅਬਦੁਲ ਨੂਰ ਦੇ ਵੀਜ਼ੇ ਦੀ ਮਿਆਦ ਖਤਮ ਹੋ ਚੁੱਕੀ ਹੈ। ਇਸ ਦੇ ਬਾਵਜੂਦ ਉਹ ਭਾਰਤ ਵਿੱਚ ਰਹਿ ਰਿਹਾ ਸੀ। ਉਸ ਵਿਰੁੱਧ ਗੈਰ-ਕਾਨੂੰਨੀ ਢੰਗ ਨਾਲ ਦੇਸ਼ ਵਿੱਚ ਰਹਿਣ ਸੰਬੰਧੀ ਵੀ ਕਾਰਵਾਈ ਕੀਤੀ ਜਾ ਰਹੀ ਹੈ।

ਅਬਦੁਲ ਨੂਰ ਨੇ ਦਮਦਮ ਵਿਖੇ ਤ੍ਰਿਣਮੂਲ ਕਾਂਗਰਸ ਦੀਆਂ ਚੋਣ ਰੈਲੀਆਂ ਵਿੱਚ ਹਿੱਸਾ ਲਿਆ ਸੀ। ਇਸ ਕਾਰਨ ਭਾਜਪਾ ਨੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਸੀ। ਇਸ ਤੋਂ ਪਹਿਲਾਂ ਇਸੇ ਹਫਤੇ ਬੰਗਲਾ ਦੇਸ਼ ਦੇ ਅਭਿਨੇਤਾ ਫਿਰਦੌਸ ਅਹਿਮਦ ਨੂੰ ਤ੍ਰਿਣਮੂਲ ਕਾਂਗਰਸ ਦੇ ਲੋਕ ਸਭਾ ਉਮੀਦਵਾਰ ਦੇ ਹੱਕ ਵਿੱਚ ਪ੍ਰਚਾਰ ਕਰਨ ਉਤੇ ਦੇਸ਼ ਛੱਡਣ ਲਈ ਕਿਹਾ ਗਿਆ ਸੀ। ਫਿਰਦੌਸ ਨੇ ਪੱਛਮੀ ਬੰਗਾਲ ਦੇ ਇੱਕ ਉਮੀਦਵਾਰ ਲਈ ਪ੍ਰਚਾਰ ਕਰਨ ਨੂੰ ਲੈ ਕੇ ਮੁਆਫੀ ਮੰਗੀ ਹੈ। ਅਭਿਨੇਤਾ ਨੇ ਇਸ ਨੂੰ ਭੁਲੇਖੇ ਨਾਲ ਹੋਈ ਗਲਤੀ ਅਤੇ ਸੂਬੇ ਦੇ ਲੋਕਾਂ ਦੇ ਪਿਆਰ ਕਾਰਨ ਚੁੱਕਿਆ ਗਿਆ ਕਦਮ ਦੱਸਿਆ ਹੈ। ਕੇਂਦਰੀ ਗ੍ਰਹਿ ਮੰਤਰਾਲਾ ਨੇ ਅਭਿਨੇਤਾ ਨੂੰ 'ਕਾਲੀ ਸੂਚੀ' ਵਿੱਚ ਪਾ ਦਿੱਤਾ ਹੈ।

## ਅਫਸਰ ਨੂੰ ਸਸਪੈਂਡ ਕਰਨ ਉੱਤੇ ਚੋਣ ਕਮਿਸ਼ਨ ਕਸੂਤਾ ਫਸਿਆ

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੈਲੀਕਾਪਟਰ ਦੀ ਤਲਾਸ਼ੀ ਲੈਣ ਵਾਲੇ ਚੋਣ ਅਫਸਰ ਆਈ ਏ ਐੱਸ ਅਧਿਕਾਰੀ ਨੂੰ ਸਸਪੈਂਡ ਕੀਤੇ ਜਾਣ ਦੇ ਫੈਸਲੇ ਉੱਤੇ ਸਵਾਲ ਉਠਾਉਂਦੇ ਹੋਏ ਕਾਂਗਰਸ ਪਾਰਟੀ ਨੇ ਹੋਏ ਚੋਣ ਕਮਿਸ਼ਨ ਨੂੰ ਨਿਸ਼ਾਨੇ 'ਤੇ ਲਿਆ ਅਤੇ ਕਿਹਾ, ਚੋਣ ਕਮਿਸ਼ਨ ਦਾ ਅਜਿਹਾ ਕੋਈ ਨਿਯਮ ਨਹੀਂ ਕਿ ਪ੍ਰਧਾਨ ਮੰਤਰੀ ਦੇ ਵਾਹਨ ਦੀ ਤਲਾਸ਼ੀ ਨਹੀਂ ਲਈ ਜਾ ਸਕਦੀ।

ਕਾਂਗਰਸ ਪਾਰਟੀ ਦੇ ਮੁਤਾਬਕ ਇਸ ਦੋਸ਼ ਵਿੱਚ ਅਫਸਰ ਨੂੰ ਸਸਪੈਂਡ ਕਰਨ ਦਾ ਕਮਿਸ਼ਨ ਦਾ ਫੈਸਲਾ ਪੱਖਪਾਤ ਨੂੰ ਜ਼ਾਹਰ ਕਰਦਾ ਹੈ। ਚੋਣ ਕਮਿਸ਼ਨ ਨੇ ਆਪਣੇ ਇਸ ਕਦਮ ਨੂੰ ਨਿਯਮਾਂ ਅਨੁਸਾਰ ਦੱਸਿਆ ਹੈ। ਸੀਨੀਅਰ ਕਾਂਗਰਸੀ ਨੇਤਾ ਅਹਿਮਦ ਪਟੇਲ ਨੇ ਉੜੀਸਾ ਦੇ ਸੰਬਲਪੁਰ ਵਿਚ ਲੱਗੇ ਕਰਨਾਟਕ ਕੇਡਰ ਦੇ ਆਈ ਏ ਐੱਸ ਅਫਸਰ ਨੂੰ ਸਸਪੈਂਡ ਕੀਤੇ ਜਾਣ ਬਾਰੇ ਟਵੀਟ ਕਰ ਕੇ ਕਿਹਾ ਕਿ ਕਈ ਮੌਕਿਆਂ 'ਤੇ ਚੋਣਾਂ ਦੌਰਾਨ ਕਮਿਸ਼ਨ ਨੇ ਸਾਬਕਾ ਅਤੇ ਮੌਜੂਦਾ ਕਾਂਗਰਸ ਪ੍ਰਧਾਨ ਦੇ ਹਵਾਈ ਵਾਹਨਾਂ ਦੀ ਚੈਕਿੰਗ ਦੀ ਇਜਾਜ਼ਤ ਦਿੱਤੀ ਸੀ, ਜਦ ਕਿ ਉਹ ਦੋਵੇਂ ਐੱਸ ਪੀ ਜੀ ਸੁਰੱਖਿਆ ਵਾਲੇ ਹਨ। ਐੱਸ ਪੀ ਜੀ ਸੁਰੱਖਿਆ ਵਾਲੇ ਕਿਸੇ ਵਿਅਕਤੀ ਦੀ ਨਿੱਜੀ ਤਲਾਸ਼ੀ ਨਹੀਂ ਹੋ ਸਕਦੀ, ਪ੍ਰੰਤੂ ਪ੍ਰਧਾਨ ਮੰਤਰੀ ਦੇ ਬਜਾਏ ਉਨ੍ਹਾਂ ਦੇ ਹੈਲੀਕਾਪਟਰ ਦੀ ਚੈਕਿੰਗ ਕਰਨ ਲਈ ਇੱਕ ਅਫਸਰ ਨੂੰ ਸਸਪੈਂਡ ਕਿਉਂ ਕੀਤਾ ਗਿਆ? ਉਨ੍ਹਾਂ ਨੇ ਸਵਾਲ ਕੀਤਾ ਕਿ ਕੀ ਕਮਿਸ਼ਨ ਇਹ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਕੁਝ ਲੋਕਾਂ ਲਈ ਵਿਸ਼ੇਸ਼ ਕਾਨੂੰਨ ਹੈ। ਪਟੇਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਚੋਣਾਂ ਦੀ ਨਿਗਰਾਨੀ ਤੋਂ ਬਚਾਉਣ ਲਈ ਐੱਸ ਪੀ ਜੀ ਸੁਰੱਖਿਆ ਦੀ ਆੜ ਨਹੀਂ ਲਈ ਜਾ ਸਕਦੀ।

ਵਰਨਣ ਯੋਗ ਹੈ ਕਿ 16 ਅਪ੍ਰੈਲ ਨੂੰ ਉੜੀਸਾ ਦੇ ਸੰਬਲਪੁਰ ਵਿੱਚ ਚੋਣ ਕਮਿਸ਼ਨ ਦੇ ਜਾਂਚ ਅਫਸਰ ਦੇ ਰੂਪ ਵਿੱਚ ਆਈ ਏ ਐੱਸ ਅਧਿਕਾਰੀ ਮੁਹੰਮਦ ਮੋਹਸਿਨ ਨੇ ਪ੍ਰਧਾਨ ਮੰਤਰੀ ਮੋਦੀ ਦੇ ਹੈਲੀਕਾਪਟਰ ਦੀ ਜਾਂਚ ਕੀਤੀ ਸੀ ਅਤੇ ਪ੍ਰਧਾਨ ਮੰਤਰੀ ਨੂੰ ਇਸ ਕਾਰਨ 15 ਦੀ ਦੇਰੀ ਹੋ ਗਈ ਸੀ। ਚੋਣ ਕਮਿਸ਼ਨ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਰਿਪੋਰਟ ਦੇ ਆਧਾਰ ਉੱਤੇ ਮੋਹਸਿਨ ਨੂੰ ਸਸਪੈਂਡ ਕਰ ਦਿੱਤਾ ਸੀ। ਕਾਂਗਰਸ ਦੇ ਮੀਡੀਆ ਵਿਭਾਗ ਦੇ ਇੰਚਾਰਜ ਰਣਦੀਪ ਸੁਰਜੇਵਾਲਾ ਨੇ ਵੀ ਇਸ ਨੂੰ ਲੈ ਕੇ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਪ੍ਰਧਾਨ ਮੰਤਰੀ ਏਜੰਸੀਆਂ ਦਾ ਦੁਰਵਰਤੋਂ ਕਰ ਕੇ ਪੂਰੀ ਆਪੋਜ਼ੀਸ਼ਨ ਉੱਤੇ ਛਾਪੇਮਾਰੀ ਦੀ ਖੇਡ ਰਚ ਰਹੇ ਹਨ, ਉਹ 15 ਮਿੰਟ ਦੀ ਚੈਕਿੰਗ ਤੋਂ ਇੰਨਾ ਡਰ ਗਏ ਕਿ ਚੋਣ ਕਮਿਸ਼ਨ ਨੂੰ ਆਪਣਾ ਹੀ ਅਫਸਰ ਹਟਾਉਣਾ ਪਿਆ। ਸੁਰਜੇਵਾਲਾ ਨੇ ਕਿਹਾ ਕਿ ਕਰਨਾਟਕ ਵਿਚ ਬਲੈਕ ਬਾਕਸ ਨਿਕਲਣ ਦੇ ਬਾਅਦ ਪ੍ਰਧਾਨ ਮੰਤਰੀ ਮੋਦੀ ਨੂੰ ਆਪਣਾ ਹੈਲੀਕਾਪਟਰ ਚੈਕ ਕਰਾਉਣ ਵਿੱਚ ਇੰਨਾ ਇਤਰਾਜ਼ ਕਿਉਂ ਹੈ?






# ਵਿਆਹ

-ਸੋਹਜ ਦੀਪ



ਸਾਡਾ ਭਾਰਤੀ ਸਮਾਜ ਵਿਆਹ ਨੂੰ ਬਹੁਤ ਅਹਿਮੀਅਤ ਦਿੰਦਾ ਹੈ। ਬੱਚੇ ਦੇ ਜਨਮ ਲੈਣ ਤੋਂ ਹੀ ਉਸਦੇ ਵਿਆਹ ਦੇ ਚਾਅ ਭਾਰਤੀ ਮਾਂ-ਬਾਪ ਦੇ ਮਨ ਵਿਚ ਉੱਸਲਵੱਟੇ ਲੈਣੇ ਸ਼ੁਰੂ ਕਰ ਦਿੰਦੇ ਹਨ। ਪਰ ਵਿਆਹ ਕਿਉਂ ਕਰਵਾਉਣਾ ਚਾਹੀਦਾ ਹੈ ਜਾਂ ਮਾਂ-ਪਿਉ ਵਿਅਹ ਕਿਉਂ ਕਰਵਾਇਆ ਸੀ। ਇਹ ਪ੍ਰਸ਼ਨ ਨਾ ਤਾਂ ਕਦੇ ਉਨ੍ਹਾਂ ਨੇ ਖੁਦ ਤੋਂ ਪੁੱਛਿਆ ਹੁੰਦਾ ਹੈ ਅਤੇ ਨਾ ਹੀ ਬੱਚਿਆਂ ਨੂੰ ਇਸ ਬਾਰੇ ਸੋਚਣ ਦਾ ਅਧਿਕਾਰ ਦਿੱਤਾ ਜਾਂਦਾ ਹੈ। ਵਿਆਹ ਕਰਵਾਉਣ ਦੇ ਕੀ ਕਾਰਨ ਹਨ? ਇਸ ਪ੍ਰਸ਼ਨ ਬਾਰੇ ਨਾ ਸਾਡੀ ਪਿਛਲੀ ਪੀੜ੍ਹੀ ਚੇਤਨ ਸੀ ਅਤੇ ਨਾ ਅਸੀਂ ਹਾਂ। ਚੇਤਨ ਤਾਂ ਕੀ ਇਹ ਸਵਾਲ ਹੀ ਗ਼ੈਰ-ਹਾਜ਼ਿਰ ਹੈ। ਸਦੀਆਂ ਤੋਂ ਅਸੀਂ ਇਹ ਭੇਡ-ਚਾਲ ਤੁਰੀ ਜਾ ਰਹੇ ਹਾਂ। ਮੇਰੇ ਖਿਆਲ ਅਨੁਸਾਰ ਵਿਆਹ ਕਰਵਾਉਣ ਜਾਂ ਨਾ ਕਰਵਾਉਣ ਦਾ ਫੈਸਲਾ ਵਿਅਕਤੀ ਦੀ ਆਪਣੀ ਚੋਣ ਹੋਣੀ ਚਾਹੀਦੀ ਹੈ।

ਵਿਆਹ ਮਹਿਜ਼ ਇਸ ਲਈ ਨਹੀਂ ਕਰਵਾਇਆ ਜਾਣਾ ਚਾਹੀਦਾ ਕਿ ਵਿਆਹ ਦੀ ਉਮਰ ਹੋ ਗਈ ਹੈ ਜਾਂ ਲੋਕ ਕੀ ਕਹਿਣਗੇ ਜਾਂ ਪਰਿਵਾਰ ਦੇ ਲੋਕ ਵਿਆਹ ਕਰਵਾ ਲੈਣ ਦੀ ਜ਼ਿੱਦ ਕਰ ਰਹੇ ਹਨ। ਸਿਰਫ ਇਹਨਾਂ ਕਾਰਨਾ ਕਰਕ ਵਿਆਹ ਕਰਵਾ ਲੈਣਾ ਸਹੀ ਨਹੀਂ ਹੈ। ਵਿਆਹ ਉਦੋਂ ਹੀ ਕਰਵਾਉਣਾ ਚਾਹੀਦਾ ਹੈ ਜਦੋਂ ਤੁਸੀਂ ਤਿਆਰ ਹੋਵੋਂ। ਇਹ ਤਿਆਰੀ ਸਰੀਰਕ, ਮਾਨਸਿਕ ਅਤੇ ਆਰਥਿਕ ਪੱਧਰ ਉਤੇ ਹੋਣੀ ਚਾਹੀਦੀ ਹੈ ਪਰ ਅਸੀਂ ਕਿਸੇ ਵੀ ਤਰ੍ਹਾਂ ਦੀ ਤਿਆਰੀ ਬਗੈਰ ਇਕ ਨਵੇਂ ਸਫ਼ਰ ਉਤੇ ਤੁਰ ਪੈਂਦੇ ਹਾਂ। ਸਾਡੇ ਵਿਆਹ ਕਰਵਾਉਣ ਉਤੇ ਤਾਂ ਸਾਰ ਜ਼ੋਰ ਦੇਣ ਲੱਗ ਪੈਂਦੇ ਹਨ ਪਰ ਵਿਆਹ ਨੂੰ ਨਿਭਾਉਣ ਲਈ ਸਾਡੇ ਕੋਲ ਕੋਈ ਮਾਡਲ ਨਹੀਂ ਹੈ। ਇਹ ਵੀ ਹੈ ਕਿ ਜਿਵੇਂ ਜ਼ਿੰਦਗੀ ਜਿਉਣ ਦਾ ਕੋਈ ਖਾਸ ਫਾਰਮੂਲਾ ਨਹੀਂ ਹੈ ਇਸੇ ਤਰ੍ਹਾਂ ਹੀ ਸਫ਼ਲ ਵਿਆਹ ਦਾ ਵੀ ਕੋਈ ਇਕ ਮਾਡਲ ਨਹੀਂ ਹੋ ਸਕਦਾ।

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਹਰ ਵਿਅਕਤੀ ਨੂੰ ਜ਼ਿੰਦਗੀ ਜਿਊਣ ਦੇ ਲਈ ਇਕ ਸਾਥ ਦੀ ਲੋੜ ਹੁੰਦੀ ਹੈ। ਵਿਆਹ ਕੁਝ ਹੱਦ ਤੱਕ ਉਹ ਸਹੂਲਤ ਦੇ ਦਿੰਦਾ ਹੈ। ਵਿਆਹ ਦੋ ਵੱਖਰੀਆਂ ਹਸਤੀਆਂ ਨੂੰ ਇਕ ਰਿਸ਼ਤੇ ਵਿਚ ਬੰਨਦਾ ਹੈ। ਵਿਆਹ ਦਾ ਦੂਜਾ ਨਾਮ ਹੈ ਪ੍ਰਤੀਬੱਧਤਾ : ਜ਼ਿੰਦਗੀ ਦੇ ਉਤਰਾਉ ਚੜਾਉ ਵਿਚ ਸਾਥ ਨਿਭਾਉਣ ਦੀ। ਇਸ ਸਭ ਲਈ ਧੀਰਜ ਦੀ ਲੋੜ ਹੈ। ਜ਼ਿੰਦਗੀ ਦੇ ਔਖੇ ਸਮੈਂ ਵਿਚ ਹਰ ਵਿਅਕਤੀ ਨੂੰ ਇਕ ਸਾਥੀ ਦੀ ਲੋੜ ਹੁੰਦੀ ਹੈ। ਵਿਆਹ ਦੇ ਰਾਹੀਂ ਇਹ ਸੰਭਵ ਹੋ ਸਕਦਾ ਹੈ ਪਰ ਇਸਦੇ ਲਈ ਦੋਵੇਂ ਧਿਰਾਂ ਦਾ ਸਹਿਯੋਗ ਮਹੱਤਵਪੂਰਣ ਹੁੰਦਾ ਹੈ। ਵਿਆਹ ਸਾਨੂੰ ਬਿਹਤਰ ਇਨਸਾਨ ਬਣਾ ਸਕਦਾ ਹੈ। ਅਸੀਂ ਆਪਣੇ ਤੋਂ ਇਲਾਵਾ ਦੂਜੇ ਇਨਸਾਨ ਨੂੰ ਪਿਆਰ ਕਰਨਾ ਅਤੇ ਜ਼ਿੰਮੇਵਾਰੀਆਂ ਨਿਭਾਉਣਾ ਸਿੱਖਦੇ ਹਾਂ ਪਰ ਇਸ ਲਈ ਸਭ ਤੋਂ ਅਹਿਮ ਗੱਲ ਆਪਸੀ ਸਮਝ ਦੀ ਹੈ।

ਵਿਸ਼ਵ ਦੇ ਹੋਰ ਦੇਸਾਂ ਦੇ ਮੁਕਾਬਲੇ ਭਾਰਤ ਵਿਚ ਤਲਾਕ ਦਰ ਘੱਟ ਹੈ ਪਰ ਤਲਾਕ ਦਰ ਘੱਟ ਹੋਣਾ ਅਤੇ ਵਿਆਹੁਤਾ ਜ਼ਿੰਦਗੀ ਦਾ ਖੁਸ਼ਹਾਲ ਹੋਣਾ ਦੋ ਵੱਖਰੀਆਂ ਗੱਲਾਂ ਹਨ। ਭਾਰਤ ਵਿਚ ਤਲਾਕ ਦਰ ਇਸ ਲਈ ਘੱਟ ਹੈ ਕਿਉਂਕਿ ਅਸੀਂ ਲੋਕ ਕੀ ਕਹਿਣਗੇ, ਸਹੁਰੇ ਘਰੋਂ ਕੁੜੀ ਦੀ ਅਰਥੀ ਹੀ ਨਿਕਲਦੀ ਹੁੰਦੀ ਹੈ ਆਦਿ ਵਾਕਾਂ ਵਿਚ ਘਿਰ ਕੇ ਘੁੱਟ-ਘੁੱਟ ਕੇ ਜਿਊਂਦੇ ਰਹਿੰਦੇ ਹਾਂ। ਅਜਿਹੀ ਹਾਲਤ ਵਿਚ ਨਾ ਅਸੀਂ ਆਪ ਖੁਸ਼ ਹੁੰਦੇ ਹਾਂ ਅਤੇ ਨਾ ਹੀ ਦੂਜੇ ਨੂੰ ਖੁਸ਼ ਰਹਿਣ ਦਿੰਦੇ ਹਾਂ। ਕੀ ਵਿਆਹੁਤਾ ਜੀਵਨ ਇੰਨਾਂ ਮੁਸ਼ਕਿਲ ਹੈ? ਜ਼ਿੰਦਗੀ ਨੂੰ ਥੋੜ੍ਹੀ ਜਿਹੀ ਸਮਝਦਾਰੀ ਨਾਲ ਸੌਖਾ ਬਣਾਇਆ ਜਾ ਸਕਦਾ ਹੈ। ਇਸ ਲਈ ਸਾਨੂੰ ਸਿਰਫ ਆਪਣੀ ਸੋਚ ਅਤੇ ਆਦਤਾਂ ਨੂੰ ਬਦਲਣ ਦੀ ਲੋੜ ਹੈ।

ਵਿਆਹ ਉਪਰੰਤ ਸਭ ਤੋਂ ਵੱਧ ਤਬਦੀਲੀ ਦਾ ਸਾਹਮਣਾ ਕਰਨ ਵਾਲੀ ਪ੍ਰਜਾਤੀ ਔਰਤਾਂ ਦੀ ਹੈ। ਕੁੜੀ ਦੇ ਹਾਰ-ਸ਼ਿੰਗਾਰ, ਪਹਿਰਾਵੇ, ਅਤੇ ਘਰੇਲੂ ਕੰਮ-ਕਾਜ ਦੀਆਂ ਜ਼ਿੰਮੇਵਾਰੀਆਂ ਤੋਂ ਲੈ ਕੇ ਹਰ ਪੱਧਰ ਉਤੇ ਬਦਲਾਅ ਦੀ ਇੱਛਾ ਕੀਤੀ ਜਾਂਦੀ ਹੈ। ਉਸ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਜਿਹੜੀ ਜ਼ਿੰਦਗੀ ਹੁਣ ਤੱਕ ਜਿਊਂਦੀ ਆਈ ਹੈ ਉਹ ਛੱਡ ਕੇ ਨਵੇਂ ਤੌਰ ਤਰੀਕੇ ਅਪਣਾਵੇ। ਇਥੇ ਇਸ ਗੱਲ ਦਾ ਕੋਈ ਅਰਥ ਨਹੀਂ ਕਿ ਜਿਸਨੇ ਬਦਲਿਆ ਜਾਣਾ ਹੈ ਉਹ ਇਸ ਬਾਰੇ ਕੀ ਸੋਚਦੀ ਹੈ। ਅਜਿਹਾ ਧੱਕਾ ਔਰਤ ਨੂੰ ਤੋੜ ਦਿੰਦਾ ਹੈ। ਜੇਕਰ ਅਸੀਂ ਕਿਸੇ ਪੌਦੇ ਨੂੰ ਜੜ੍ਹਾਂ ਤੋਂ ਪੁੱਟ ਕੇ ਕਿਸੇ ਹੋਰ ਥਾਂ ਉਗਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਉਹ ਪੌਦਾ ਵੱਧ-ਫੁੱਲ ਨਹੀਂ ਸਕਦਾ ਪਰ ਇਸਦੇ ਬਾਵਜੂਦ ਵਿਆਹ ਦੀ ਸੰਸਥਾ ਔਰਤ ਨੂੰ ਉਸਦੇ ਪੁਰਾਣੇ ਮਾਹੌਲ ਵਿਚੋਂ ਕੱਢ ਕੇ ਇਕੋ ਝਟਕੇ ਵਿਚ ਨਵੇਂ ਮਾਹੌਲ ਅਨੁਸਾਰ ਹੋਣ ਲਈ ਮਜਬੂਰ ਕਰਦੀ ਹੈ। ਇਹ ਸਭ ਤੋਂ ਵੱਡੀ ਗ਼ਲਤੀ ਹੈ ਜਿਹੜੀ ਸਾਡਾ ਸਮਾਜ ਕਰਦਾ ਹੈ। ਕਿਸੇ ਵੀ ਵਿਅਕਤੀ ਨੂੰ ਉਸ ਦੀ ਮਰਜ਼ੀ ਬਗੈਰ ਬਦਲਣ ਦੀ ਕੋਸ਼ਿਸ਼ ਕਰਨਾ ਅਤੇ ਫਿਰ ਉਸ ਤੋਂ ਉਮੀਦ ਕਰਨਾ ਕਿ ਉਹ ਦੂਜੇ ਘਰ ਨੂੰ ਖੁਸ਼ੀ ਅਤੇ ਸਮਰਪਣ ਨਾਲ ਅਪਣਾ ਲਵੇ, ਇਹ ਵੱਡੀ ਭੁੱਲ ਹੈ। ਆਪਣੀਆਂ ਜੜ੍ਹਾਂ ਤੋਂ ਟੁੱਟਿਆ ਮਨੁੱਖ ਦੂਜੀ ਥਾਂ ਆਸਾਨੀ ਨਾਲ ਜੁੜ ਨਹੀਂ ਸਕਦਾ। ਇਸ ਲਈ ਜੇਕਰ ਔਰਤ ਨੂੰ ਦੂਜੇ ਗ੍ਰਹਿ ਤੋਂ ਆਈ ਵੱਖਰੀ ਹਸਤੀ ਨਾ ਮੰਨ ਕੇ, ਉਸਨੂੰ ਆਪਣੇ ਤਰੀਕੇ ਅਨੁਸਾਰ ਜਿਊਣ ਦੀ ਆਜ਼ਾਦੀ ਦਿੱਤੀ ਜਾਵੇ ਤਾਂ ਉਹ ਨਵੇਂ ਘਰ ਨੂੰ ਖੁਸ਼ੀ ਨਾਲ ਅਪਣਾ ਸਕਦੀ ਹੈ।

ਕਿਸੇ ਵੀ ਭਾਰਤੀ ਔਰਤ ਲਈ ਖਾਣਾ ਬਣਾਉਣਾ ਕਿਉਂ ਜ਼ਰੂਰੀ ਹੈ? ਪੜ੍ਹੀ ਲਿਖੀ ਅਤੇ ਨੌਕਰੀਸ਼ੁਦਾ ਹੋਣ ਦੇ ਬਾਵਜੂਦ ਵੀ ਭਾਰਤੀ ਔਰਤ ਲਈ ਰੋਟੀ ਬਣਾਉਣ ਨੂੰ ਇਕ ਬਹੁਤ ਜ਼ਰੂਰੀ ਗੁਣ ਸਮਝਿਆ ਜਾਂਦਾ ਹੈ। ਜੇਕਰ ਉਹ ਰਸੋਈ ਦਾ ਕੰਮ ਨਹੀਂ ਜਾਣਦੀ ਜਾਂ ਆਪਣੀਆਂ ਹੋਰ ਪ੍ਰਮੁਖਤਾਵਾਂ ਨੂੰ ਪਹਿਲ ਦਿੰਦੀ ਹੈ ਬਜਾਏ ਰਸੋਈ ਦੇ ਤਾਂ ਉਸਨੂੰ ਨਲਾਇਕ ਸਮਝਿਆ ਜਾਂਦਾ ਹੈ। ਔਰਤ ਨੂੰ ਰਸੋਈ ਤੋਂ ਬਾਹਰ ਆਪਣੇ ਆਪ ਨੂੰ ਵੇਖਣ ਦੀ ਆਦਤ ਪਾਉਣੀ ਚਾਹੀਦੀ ਹੈ ਅਤੇ ਸਮਾਜ ਨੂੰ ਵੀ ਔਰਤ ਲਈ ਬਹੁਤ ਜ਼ਰੂਰੀ ਕੰਮ ਰਸੋਈ ਨੂੰ ਨਹੀਂ ਸਮਝਣਾ ਚਾਹੀਦਾ। ਸਾਨੂੰ ਆਪਣੀਆਂ ਪ੍ਰਮੁੱਖਤਾਵਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਦੂਜਿਆਂ ਨੂੰ ਵੀ ਸਮਝਾਉਣਾ ਚਾਹੀਦਾ ਹੈ। ਜੇਕਰ ਅਸੀਂ ਇੱਕੀਵੀ ਸਦੀ ਵਿਚ ਇਹ ਕੰਮ ਨਹੀਂ ਕਰ ਪਾ ਰਹੇ ਤਾਂ ਇਹ ਸਾਡੀ ਨਾਲਾਇਕੀ ਹੈ।

ਭਾਰਤੀ ਮਾਂ-ਬਾਪ ਪੜ੍ਹੇ-ਲਿਖੇ ਹੋ ਕੇ ਵੀ ਆਪਣੇ ਬੱਚਿਆਂ ਨੂੰ ਬਲੂੰਗੜਿਆਂ ਵਾਂਗ ਆਪਣੇ ਨਾਲ ਰੱਖਣਾ ਚਾਹੁੰਦੇ ਹਨ। ਆਪਣੇ ਪੰਜਿਆਂ ਦੇ ਵਿਚ ਕੈਦ ਰੱਖ ਕੇ ਉਨ੍ਹਾਂ ਨੂੰ ਸਕੂਨ ਅਨੁਭਵ ਹੁੰਦਾ ਹੈ। ਉਹ ਇਹ ਨਹੀਂ ਸਮਝਦੇ ਅਨੁਭਵ ਕਮਾਇਆ ਜਾਂਦਾ ਹੈ, ਥੋਪਿਆ ਨਹੀਂ ਜਾਂਦਾ। ਹਰ ਪੀੜ੍ਹੀ ਦੇ ਆਪਣੇ ਅਨੁਭਵ ਹੁੰਦੇ ਹਨ। ਇਥੇ ਔਰਤਾਂ ਨੂੰ ਆਪਣੇ ਆਪ ਉਤੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਆਪਣੀਆਂ ਸੰਕੁਚਿਤ ਸੋਚਾਂ ਅਤੇ ਈਰਖਾਵਾਂ ਤੋਂ ਆਜ਼ਾਦ ਹੋ ਕੇ ਵਿਚਰਨਾ ਚਾਹੀਦਾ ਹੈ।

ਭਾਰਤੀ ਸਮਾਜ ਦੀਆਂ ਔਰਤਾਂ ਦੀ ਇਕ ਹੋਰ ਦਿੱਕਤ ਇਹ ਹੈ ਕਿ ਜੇਕਰ ਮੁੰਡਾ ਮਾਂ ਨਾਲ ਕੰਮ ਕਰਾਵੇ ਤਾਂ ਸਾਊ ਅਤੇ ਲਾਇਕ ਹੈ ਪਰ ਜੇ ਉਹੀ ਮੁੰਡਾ ਘਰਵਾਲੀ ਦੀ ਮਦਦ ਲਈ ਰਸੋਈ ਵੱਲ ਕਦਮ ਪੁੱਟਦਾ ਹੈ ਤਾਂ ਨਾਲਾਇਕ ਜਾਂ ਜੋਰੂ ਦਾ ਗ਼ੁਲਾਮ ਬਣ ਜਾਂਦਾ ਹੈ ਕਿਉਂ? ਫਿਰ ਖਾਣਾ ਬਣਾਵੇ ਔਰਤ ਅਤੇ ਪਹਿਲਾਂ ਖਾਣ ਦਾ ਅਧਿਕਾਰ ਮਰਦ ਦਾ ਕਿਉਂ ਹੈ? ਮੁੰਡੇ ਵੀ ਆਪਣੇ ਘਰਦਿਆਂ ਸਾਹਮਣੇ ਘਰਵਾਲੀ ਨਾਲ ਕੰਮ ਕਰਵਾਉਣ ਤੋਂ ਝਿਜਕਦੇ ਹਨ। ਇਹ ਤਾਂ ਪਤੀ-ਪਤਨੀ ਦੀ ਆਪਸੀ ਸਮਝਦਾਰੀ ਨਾਲ ਹੀ ਕਿਸੇ ਰਿਸ਼ਤੇ ਨੂੰ ਚਲਾਉਣਾ ਜਾਂ ਨਿਭਾਉਣਾ ਸੰਭਵ ਹੈ। ਇਸ ਲਈ ਮੁੰਡਿਆਂ ਨੂੰ ਵੀ ਬਿਨ੍ਹਾਂ ਕਿਸੇ ਸੰਕੋਚ ਦੇ ਘਰ ਦੇ ਕੰਮਾਂ ਵਿਚ ਹੱਥ ਵਟਾਉਣਾ ਚਾਹੀਦਾ ਹੈ। ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਸਮਾਜ, ਮਰਦ ਅਤੇ ਔਰਤਾਂ ਨੇ ਵੀ ਆਪਣੇ ਆਪ ਨੂੰ ਨਵੇਂ ਰੂਪ ਵਿਚ ਵੇਖਣਾ ਸਿੱਖਣਾ ਹੈ। ਇਨ੍ਹਾਂ ਨੂੰ ਪਰੰਪਰਕ ਔਰਤ ਨਾਲ ਵਿਚਰਨ ਦੀ ਹੀ ਆਦਤ ਹੈ। ਬਦਲ ਰਹੇ ਸਮੇਂ ਨਾਲ ਬਦਲ ਰਹੀਆਂ ਔਰਤਾਂ ਅਤੇ ਉਨ੍ਹਾਂ ਦੀ ਜੀਵਨ-ਜਾਚ ਨੂੰ ਅਸੀਂ ਹੀ ਸਮੇਂ ਦੇ ਹਾਣ ਦੀ ਬਣਾਉਣਾ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਔਰਤਾਂ ਮਰਦਾਂ ਨੂੰ ਆਪਣੇ ਨਾਲ ਕੰਮ ਕਰਨਾ ਸਿਖਾਉਣਗੀਆਂ। ਇਹ ਕੰਮ ਉਹ ਔਰਤਾਂ ਨਹੀਂ ਕਰ ਸਕਦੀਆਂ ਜਿਹੜੀਆਂ ਪਤੀ ਨੂੰ ਪਰਮੇਸ਼ਵਰ ਬਣਾ ਕੇ ਆਪਣੇ ਤੋਂ ਇਕ ਦੂਰੀ ਉਤੇ ਖੜਾ ਕਰ ਦਿੰਦੀਆਂ ਹਨ ਅਤੇ ਫਿਰ ਉਸ ਪਰਮੇਸ਼ਵਰ ਤੋਂ ਲੱਤਾਂ ਖਾਂਦੀਆਂ ਹੋਈਆਂ ਉਸਨੂੰ ਪੂਜੀ ਜਾਂਦੀਆਂ ਹਨ। ਪਤੀ-ਪਤਨੀ ਦਾ ਰਿਸ਼ਤਾ ਜੀਵ ਅਤੇ ਆਤਮਾ ਵਾਲਾ ਨਹੀਂ ਹਾਮਰਾਹੀਆਂ ਵਾਲਾ ਹੁੰਦਾ ਹੈ। ਜਿਸ ਵਿਚ ਦੋਵਾਂ ਨੂੰ ਬਰਾਬਰ ਜ਼ਿੰਮੇਵਾਰੀਆਂ ਦਾ ਨਿਰਵਾਹ ਕਰਨਾ ਚਾਹੀਦਾ ਹੈ।

ਇਥੇ ਕੁੜੀਆਂ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਜਿਥੇ ਉਨ੍ਹਾਂ ਉਤੇ ਬਦਲਣ ਦਾ ਦਬਾਅ ਹੁੰਦਾ ਹੈ ਉਥੇ ਪਰਿਵਾਰ ਦੇ ਹੋਰ ਮੈਂਬਰ ਵੀ ਖੁਦ ਨੂੰ ਨਵੇਂ ਰਿਸ਼ਤਿਆਂ ਵਿਚ ਢਾਲ ਰਹੇ ਹੁੰਦੇ ਹਨ। ਦੋਹਾਂ ਧਿਰਾਂ ਨੂੰ ਨਵੇਂ ਰਿਸ਼ਤਿਆਂ ਨੂੰ ਆਕਾਰ ਲੈਣ ਵਿਚ ਥੋੜ੍ਹਾ ਸਮਾਂ ਦੇਣਾ ਚਾਹੀਦਾ ਹੈ। ਹਰ ਰਿਸ਼ਤੇ ਦੀ ਆਪਣੀ ਖੂਬਸੂਰਤੀ ਹੁੰਦੀ ਹੈ। ਮਾਂ-ਬਾਪ, ਪਤੀ-ਪਤਨੀ ਜਾਂ ਦੋਸਤੀ ਵਰਗੇ ਰਿਸ਼ਤੇ ਸਾਰਿਆਂ ਦੀ ਜ਼ਿੰਦਗੀ ਵਿਚ ਹੁੰਦੇ ਹਨ ਪਰ ਇਸਦੇ ਬਾਵਜੂਦ ਹਰ ਬੰਦੇ ਦਾ ਇਨ੍ਹਾਂ ਰਿਸ਼ਤਿਆਂ ਨਾਲ ਰਿਸ਼ਤਾ ਵੱਖਰਾ ਹੁੰਦਾ ਹੈ। ਕਿਸੇ ਵੀ ਤਰ੍ਹਾਂ ਦਾ ਬੋਝ ਰਿਸ਼ਤਿਆਂ ਨੂੰ ਤੋੜ ਸਕਦਾ ਹੈ। ਇਸ ਲਈ ਸਭ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਰਿਸ਼ਤਿਆਂ ਉਤੇ ਫਾਲਤੂ ਬੋਝ ਨਾ ਲੱਦੀਏ।

Sohajjj456@gmail.com


## ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ



# Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ, ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

**The Rules are changing For Real Estate Licence**

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ਲੋਕਤੰਤਰੀ ਪ੍ਰਕਿਰਿਆ ਦੇ ਪਹਿਲੇ ਦੋ ਗੇੜ ਲੰਘਣ ਤੱਕ ਹਾਲਾਤ ਦਾ ਵਹਿਣ ਸੁਲੱਖਣਾ ਨਹੀਂ ਜਾਪਿਆ



ਜਤਿੰਦਰ ਪੰਨੂ

ਬਿਨਾਂ ਸ਼ੱਕ ਬਹੁਤ ਸਾਰੇ ਵਿਸ਼ਲੇਸ਼ਣਕਾਰ ਇਹ ਗੱਲ ਲਿਖਣ ਤੱਕ ਚਲੇ ਜਾਂਦੇ ਹਨ ਕਿ ਇਸ ਵਾਰ ਕੇਂਦਰ ਦੀ ਸੱਤਾ ਮੁੜ ਕੇ ਸੰਭਾਲਣ ਦਾ ਨਰਿੰਦਰ ਮੋਦੀ ਦਾ ਸੁਫਨਾ ਪੂਰਾ ਨਹੀਂ ਹੋ ਸਕਣਾ, ਅਸੀਂ ਇਹ ਸਮਝਦੇ ਹਾਂ ਕਿ ਅਜੇ ਏਦਾਂ ਦੀ ਗੱਲ ਕਹਿਣ ਦਾ ਸਮਾਂ ਨਹੀਂ ਆਇਆ। ਫਿਰ ਵੀ ਇਹ ਜ਼ਰੂਰ ਹੈ ਕਿ ਏਦਾਂ ਦੇ ਅੰਦਾਜ਼ੇ ਲੱਗਣ ਦੇ ਹਾਲਾਤ ਬਣਨ ਦੀ ਸ਼ੁਰੂਆਤ ਹੋ ਗਈ ਹੈ, ਜਿੱਥੇ ਲੋਕ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਦੀ ਲਗਾਤਾਰ ਦੂਸਰੀ ਜਿੱਤ ਪੱਕੀ ਹੋਣ ਦੇ ਦਾਅਵੇ ਕਰਨ ਤੋਂ ਪਹਿਲਾਂ ਸੋਚਣ ਲੱਗ ਜਾਂਦੇ ਹਨ। ਇੱਕ ਵੱਡੀ ਗੱਲ ਨੋਟ ਕਰਨ ਦੀ ਇਹ ਹੈ ਕਿ ਇਸ ਦੇ ਬਾਵਜੂਦ ਬਹੁਤ ਸਾਰੇ ਲੋਕ ਆਪਣੇ ਮਨ ਦੀ ਗੱਲ ਕਹਿਣ ਵੇਲੇ ਅੱਗਾ-ਪਿੱਛਾ ਵੇਖ ਕੇ ਬੋਲਦੇ ਹਨ ਅਤੇ ਭਾਰਤ ਵਿੱਚ ਏਦਾਂ ਦਾ ਮਾਹੌਲ ਮਹਿਸੂਸ ਕੀਤਾ ਜਾਣ ਲੱਗ ਪਿਆ ਹੈ, ਜਿਸ ਬਾਰੇ ਮੁਹਾਵਰਾ ਪ੍ਰਚੱਲਤ ਹੈ ਕਿ 'ਕੰਧਾਂ ਵੀ ਸੁਣਦੀਆਂ ਹਨ, ਇਸ ਲਈ ਜ਼ਰਾ ਸੋਚ ਕੇ ਬੋਲਣਾ ਚਾਹੀਦਾ ਹੈ।' ਦੇਸ਼ ਦੇ ਬਹੁ-ਗਿਣਤੀ ਭਾਈਚਾਰੇ ਦੇ ਪੱਖ ਦੀਆਂ ਕੱਟੜਪੰਥੀ ਤਾਕਤਾਂ ਏਡੀ ਖੁੱਲ੍ਹੀ ਅਤੇ ਏਨੀ ਅਣਸੁਖਾਵੀਂ ਭਾਸ਼ਾ ਵਿੱਚ ਆਪਣੀ ਗੱਲ ਕਹਿਣ ਲੱਗ ਪਈਆਂ ਹਨ ਕਿ ਉਨ੍ਹਾਂ ਦੀ ਕਾਟ ਕਰਨ ਵਾਲੇ ਲੋਕਾਂ ਨੂੰ ਡਰ ਲੱਗਦਾ ਹੈ ਕਿ ਇਹ ਮੂੰਹ-ਪਾਟੇ ਲੋਕ ਸਾਨੂੰ ਵੀ 'ਦੇਸ਼ ਧਰੋਹੀ' ਕਹਿ ਕੇ ਮਗਰ ਨਾ ਪੈ ਜਾਣ। ਪੰਜਾਬੀ ਦੇ ਅਖਾਣ ਕਿ 'ਲੱਜ ਰਖੰਦਾ ਅੰਦਰ ਵੜੇ ਤੇ ਮੂਰਖ ਆਖੇ ਮੈਥੋਂ ਡਰੇ' ਵਾਲੀ ਹਾਲਤ ਜਿਸ ਤਰ੍ਹਾਂ ਬਣਦੀ ਜਾਂਦੀ ਹੈ, ਉਸ ਦੀ ਇੱਕ ਝਲਕ ਇਸ ਹਫਤੇ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿੱਚ ਸਾਧਵੀ ਪ੍ਰਗਿਆ ਦੀ ਪ੍ਰੈੱਸ ਕਾਨਫਰੰਸ ਤੋਂ ਮਿਲ ਗਈ ਹੈ।

ਕੇਸ ਅਦਾਲਤ ਵਿੱਚ ਹੋਣ ਕਾਰਨ ਅਸੀਂ ਇਹ ਗੱਲ ਨਹੀਂ ਕਹਿ ਰਹੇ ਕਿ ਸਾਧਵੀ ਪ੍ਰਗਿਆ ਸਿੰਘ ਠਾਕਰ ਉਸ ਕੇਸ ਵਿੱਚ ਦੋਸ਼ੀ ਸੀ ਜਾਂ ਨਹੀਂ, ਪਰ ਜਿਹੜੇ ਕੇਸ ਵਿੱਚ ਉਹ ਦਸ ਸਾਲ ਜੇਲ੍ਹ ਵਿੱਚ ਰਹਿ ਕੇ ਆਈ ਹੈ, ਉਹ ਅਜੇ ਸਿਰੇ ਨਹੀਂ ਲੱਗ ਸਕਿਆ। ਉਹ ਜ਼ਮਾਨਤ ਉੱਤੇ ਬਾਹਰ ਆਈ ਤਾਂ ਉਸ ਨੂੰ ਭਾਜਪਾ ਨੇ ਭੋਪਾਲ ਤੋਂ ਪਾਰਲੀਮੈਂਟ ਚੋਣ ਲਈ ਉਮੀਦਵਾਰ ਬਣਾ ਦਿੱਤਾ ਹੈ। ਬੀਬੀ ਨੇ ਪਹਿਲੀ ਪ੍ਰੈੱਸ ਕਾਨਫਰੰਸ ਦੌਰਾਨ ਹੀ ਆਪਣੇ ਅਸਲੀ ਰੰਗ ਦਿਖਾ ਦਿੱਤੇ ਹਨ। ਪਹਿਲ ਉਸ ਨੇ ਆਪਣੇ ਕੇਸ ਦੇ ਹਵਾਲੇ ਨਾਲ ਕੀਤੀ ਅਤੇ ਉਸ ਕੇਸ ਦੇ ਤਫਤੀਸ਼ੀ ਅਫਸਰ ਹੇਮੰਤ ਕਰਕਰੇ ਦੇ ਖਿਲਾਫ ਏਦਾਂ ਦੀ ਭੜਾਸ ਕੱਢੀ ਹੈ ਕਿ ਉਸ ਸਾਧਵੀ ਨੂੰ ਟਿਕਟ ਦੇਣ ਵਾਲੇ ਵੀ ਦੰਦਾਂ ਨਾਲ ਉਂਗਲਾਂ ਟੁੱਕਣ ਲੱਗੇ ਸਨ। ਹੇਮੰਤ ਕਰਕਰੇ ਇਸ ਦੇਸ਼ ਦੇ ਲੋਕਾਂ ਦੀ ਨਜ਼ਰ ਵਿੱਚ ਹੀਰੋ ਹੈ, ਦੇਸ਼ ਲਈ ਆਪਣੀ ਜਾਨ ਵਾਰਨ ਵਾਲਾ ਸ਼ਹੀਦ ਹੈ ਤੇ ਉਸ ਨੂੰ ਸਾਧਵੀ ਪ੍ਰਗਿਆ ਸਿੰਘ ਨੇ 'ਦੇਸ਼ ਧਰੋਹੀ' ਕਹਿ ਕੇ ਦਹਿਸ਼ਤਗਰਦਾਂ ਦੀ ਗੋਲੀ ਦੀ ਬਜਾਏ ਆਪਣੇ ਦਿੱਤੇ ਹੋਏ ਸਰਾਪ ਦੇ ਸੂਤਕ ਨਾਲ ਮਰਿਆ ਕਿਹਾ ਤੇ ਇਸ ਦੇ ਹਾਸੋਹੀਣੇ ਵੇਰਵੇ ਸੁਣਾਏ ਹਨ। ਬੀਬੀ ਕਹਿੰਦੀ ਹੈ ਕਿ ਉਸ ਨੇ ਮੈਨੂੰ ਜੇਲ੍ਹ ਭੇਜਿਆ ਤਾਂ ਮੈਂ ਓਦੋਂ ਕਿਹਾ ਸੀ ਕਿ 'ਤੇਰਾ ਸਰਬ ਨਾਸ ਹੋਵੇਗਾ' ਤੇ ਮੈਂ ਜਿਹੜਾ ਸਰਾਪ ਦਿੱਤਾ ਸੀ, ਉਸ ਦਾ ਸੂਤਕ ਸਵਾ ਮਹੀਨਾ ਚੱਲਦਾ ਹੈ, ਮੇਰੇ ਜੇਲ੍ਹ ਜਾਣ ਪਿੱਛੋਂ ਜਿਸ ਦਿਨ ਸਵਾ ਮਹੀਨਾ ਪੂਰਾ ਹੋਇਆ, ਉਸ ਦੀ ਮੌਤ ਹੋ ਗਈ। ਭਾਰਤ ਦੇਸ਼ ਇਹ ਸਮਝਦਾ ਸੀ ਕਿ ਮੁੰਬਈ ਵਿੱਚ ਹੋਏ ਬੜੇ ਵੱਡੇ ਹਮਲੇ ਵੇਲੇ ਅੱਤਵਾਦੀਆਂ ਨਾਲ ਲੜਦਾ ਹੇਮੰਤ ਕਰਕਰੇ ਦਹਿਸ਼ਤਗਰਦਾਂ ਦੀ ਗੋਲੀ ਨਾਲ ਸ਼ਹੀਦ ਹੋਇਆ ਸੀ, ਸਾਧਵੀ ਪ੍ਰਗਿਆ ਕਹਿ ਰਹੀ ਹੈ ਕਿ ਉਸ ਨੂੰ ਮੈਂ ਸਰਾਪ ਦੇ ਸੂਤਕ ਨਾਲ ਮਾਰਿਆ ਸੀ। ਭਾਰਤ ਦੇਸ਼ ਦਾ ਸਾਰਿਆਂ ਤੋਂ ਵੱਡਾ ਬਹਾਦਰੀ ਐਵਾਰਡ ਜੰਗ ਦੌਰਾਨ ਪਰਮਵੀਰ ਚੱਕਰ ਹੁੰਦਾ ਹੈ ਅਤੇ ਜਦੋਂ ਕੋਈ ਜੰਗ ਨਾ ਲੱਗੀ ਹੋਵੇ, ਆਪਣੇ ਦੇਸ਼ ਦੀ ਰਾਖੀ ਲਈ ਅਪਰਾਧੀਆਂ ਅਤੇ ਅੱਤਵਾਦੀਆਂ ਨਾਲ ਮੁਕਾਬਲੇ ਦੌਰਾਨ ਬਹਾਦਰੀ ਵਿਖਾਉਣ ਵਾਲੇ ਨੂੰ ਅਸ਼ੋਕ ਚੱਕਰ ਦਿੱਤਾ ਜਾਂਦਾ ਹੈ। ਹੇਮੰਤ ਕਰਕਰੇ ਨੂੰ ਮਰਨ ਉਪਰੰਤ ਅਸ਼ੋਕ ਚੱਕਰ ਦਿੱਤਾ ਗਿਆ ਸੀ। ਸਾਧਵੀ ਪ੍ਰਗਿਆ ਦੇ ਇਨ੍ਹਾਂ ਸ਼ਬਦਾਂ ਕਾਰਨ ਇਸ ਐਵਾਰਡ ਦੀ ਸ਼ਾਨ ਵੀ ਘਟ ਗਈ, ਹੇਮੰਤ ਕਰਕਰੇ ਦੀ ਸ਼ਹੀਦੀ ਨੂੰ ਦਾਗ ਵੀ ਲੱਗ ਗਿਆ ਤੇ ਭਾਜਪਾ ਲੀਡਰ ਏਨੀ ਗੱਲ ਨਾਲ ਹਰ ਜ਼ਿਮੇਵਾਰੀ ਨੂੰ ਤਿਲਕਾ ਗਏ ਕਿ ਇਹ ਸਾਧਵੀ ਦੇ ਨਿੱਜੀ ਵਿਚਾਰ ਹਨ। ਕਮਾਲ ਦੀ ਪਾਰਟੀ ਹੈ।



ਅਸਲ ਵਿੱਚ ਕਮਾਲ ਦੀ ਪਾਰਟੀ ਨਹੀਂ, ਕਮਾਲ ਦੀ ਵਿਚਾਰਧਾਰਾ ਵਾਲੀ ਰਾਜਨੀਤੀ ਹੈ, ਜਿਸ ਵਿੱਚ ਇੱਕ ਆਗੂ ਕੁਝ ਕਹਿੰਦਾ ਨਹੀਂ, ਉਸ ਤੋਂ ਕਹਾਇਆ ਜਾਂਦਾ ਹੈ ਤੇ ਪਾਰਟੀ ਉਸ ਨੂੰ ਉਸ ਦੇ ਨਿੱਜੀ ਵਿਚਾਰ ਕਹਿ ਕੇ ਕੁਝ ਚਿਰ ਪਿੱਛੋਂ ਕਿਸੇ ਹੋਰ ਆਗੂ ਤੋਂ ਉਸ ਨਾਲੋਂ ਵੀ ਅਗਲੀ ਗੱਲ ਅਖਵਾ ਦੇਂਦੀ ਹੈ। ਇਸ ਤਰ੍ਹਾਂ ਉਹ ਲੋਕ ਹੌਲੀ-ਹੌਲੀ ਦੇਸ਼ ਦੇ ਲੋਕਾਂ ਨੂੰ ਮਾਨਸਿਕ ਤੌਰ ਉੱਤੇ ਤਿਆਰ ਕਰਦੇ ਤੇ ਕਦਮ-ਕਦਮ ਅੱਗੇ ਵੱਲ ਵਧੀ ਜਾਂਦੇ ਹਨ। ਪੰਜ ਸਾਲ ਪਹਿਲਾਂ ਜਦੋਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਇੱਕ ਆਗੂ ਨੇ ਕਿਹਾ ਸੀ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਬਣਨ ਨਾਲ ਅੱਠ ਸੌ ਸਾਲਾਂ ਪਿੱਛੋਂ ਹਿੰਦੂ ਰਾਜ ਪਰਤਿਆ ਹੈ ਤਾਂ ਵਿਰੋਧ ਹੋਣ ਉੱਤੇ ਭਾਜਪਾ ਲੀਡਰਸ਼ਿਪ ਨੇ ਇਸ ਨੂੰ ਉਸ ਦਾ ਨਿੱਜੀ ਵਿਚਾਰ ਕਿਹਾ ਸੀ। ਫਿਰ ਕੁਝ ਚਿਰ ਲੰਘਾ ਕੇ ਇਹੋ ਗੱਲ ਹੋਰ ਆਗੂ ਵੀ ਆਪਣੇ ਭਾਸ਼ਣਾਂ ਵਿੱਚ ਇਸ ਤਰ੍ਹਾਂ ਜੋੜ ਕੇ ਬੋਲਣ ਲੱਗ ਪਏ ਕਿ ਭਾਰਤ ਦੇ ਹਿੰਦੂਆਂ ਨੇ ਅੱਠ ਸੌ ਸਾਲ ਜ਼ਿਆਦਤੀਆਂ ਝੱਲੀਆਂ ਹਨ, ਨਰਿੰਦਰ ਮੋਦੀ ਦੇ ਆਏ ਤੋਂ ਜ਼ਿਆਦਤੀਆਂ ਰੁਕੀਆਂ ਹਨ। ਇਸ ਦਾ ਭਾਵ ਇਹ ਸੀ ਕਿ ਅੱਠ ਸੌ ਸਾਲਾਂ ਬਾਅਦ ਏਦਾਂ ਦਾ ਰਾਜ ਆਇਆ ਹੈ, ਜਿਸ ਨੂੰ ਹਿੰਦੂ ਆਪਣਾ ਰਾਜ ਮੰਨ ਸਕਦੇ ਹਨ, ਪਰ ਇਹ ਗੱਲ ਸਿੱਧੀ ਨਹੀਂ ਸੀ ਕਹੀ ਜਾਂਦੀ, ਭਾਸ਼ਣਾਂ ਵਿੱਚ ਲੱਛੇਦਾਰ ਢੰਗ ਨਾਲ ਵਲਾਵਾਂ ਪਾ ਕੇ ਕਹੀ ਜਾਂਦੀ ਸੀ।

ਅੱਜ ਕੱਲ੍ਹ ਸ਼ਬਦਾਵਲੀ ਕਿਹੋ ਜਿਹੀ ਵਰਤੀ ਜਾਂਦੀ ਹੈ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਨੇ ਉਸ ਦੀ ਇੱਕ ਮਿਸਾਲ ਲੋਕਾਂ ਸਾਹਮਣੇ ਰੱਖ ਦਿੱਤੀ ਹੈ। ਯੋਗੀ ਦੀ ਬੇਹੂਦਾ ਸ਼ਬਦਾਵਲੀ ਦਾ ਮਾਮਲਾ ਜਦੋਂ ਸੁਪਰੀਮ ਕੋਰਟ ਗਿਆ ਸੀ ਤਾਂ ਓਥੋਂ ਪਈ ਝਾੜ ਪਿੱਛੋਂ ਚੋਣ ਕਮਿਸ਼ਨ ਨੇ ਯੋਗੀ ਸਮੇਤ ਚਾਰ ਲੀਡਰਾਂ ਉੱਤੇ ਕੁਝ ਸਮਾਂ ਚੋਣ ਪ੍ਰਚਾਰ ਕਰਨ ਉਤੇ ਰੋਕ ਲਾ ਦਿੱਤੀ ਸੀ। ਤਿੰਨ ਦਿਨਾਂ ਦੀ ਪਾਬੰਦੀ ਮੁੱਕਦੇ ਸਾਰ ਯੋਗੀ ਫਿਰ ਆਪਣੇ ਰੰਗ ਵਿੱਚ ਆ ਗਿਆ। ਉਸ ਨੇ ਇੱਕ ਹਲਕੇ ਵਿੱਚ ਵਿਰੋਧੀ ਧਿਰ ਦੇ ਮੁਸਲਮਾਨ ਉਮੀਦਵਾਰ ਬਾਰੇ ਕਿਹਾ ਕਿ ਜਦੋਂ ਮੈਂ ਪਾਰਲੀਮੈਂਟ ਮੈਂਬਰ ਸਾਂ, ਇਹ ਆਗੂ ਵੀ ਪਾਰਲੀਮੈਂਟ ਮੈਂਬਰ ਸੀ ਤੇ ਇਸ ਨੇ ਮੈਨੂੰ ਆਪ ਇਹ ਗੱਲ ਕਹੀ ਸੀ ਕਿ ਅਸੀਂ ਬਾਬਰ ਨੂੰ ਵਡੇਰਾ ਮੰਨਦੇ ਹਾਂ। ਇਹ ਕਹਿਣ ਦੇ ਬਾਅਦ ਯੋਗੀ ਨੇ ਅਗਲੀ ਗੱਲ ਇਹ ਕਹਿ ਦਿੱਤੀ ਕਿ ਭਾਰਤ ਦੇ ਲੋਕਾਂ ਦੀ ਜ਼ਿਮੇਵਾਰੀ ਹੈ ਕਿ ਬਾਬਰ ਦੀ ਔਲਾਦ ਇਸ ਦੇਸ਼ ਦੀ ਰਾਜ ਸੱਤਾ ਤੋਂ ਦੂਰ-ਦੂਰ ਰੱਖੀ ਜਾਵੇ। ਉਸ ਆਗੂ ਨੇ ਆਪਣੇ ਆਪ ਨੂੰ 'ਬਾਬਰ ਦੀ ਔਲਾਦ' ਕਿਹਾ ਜਾਂ ਯੋਗੀ ਨੇ ਸਾਧਵੀ ਪ੍ਰਗਿਆ ਵਾਂਗ ਆਪਣੇ ਮਨ ਦੀ ਭਾਵਨਾ ਮੁਤਾਬਕ ਕਿੱਸਾ ਘੜ ਕੇ ਸਾਹਮਣੇ ਬੈਠੇ ਲੋਕਾਂ ਨੂੰ ਭੜਕਾਉਣ ਲਈ ਦਾਅ ਖੇਡਿਆ, ਇਹ ਤਾਂ ਪਤਾ ਨਹੀਂ, ਪਰ ਇਸ ਨਾਲ ਉਹੀ ਰਾਜਨੀਤੀ ਖੇਡੀ ਗਈ ਹੈ, ਜਿਸ ਕਾਰਨ ਅੱਜ ਕੱਲ੍ਹ ਇਸ ਤਰ੍ਹਾਂ ਦੀ ਦਹਿਸ਼ਤ ਮਹਿਸੂਸ ਕੀਤੀ ਜਾਣ ਲੱਗ ਪਈ ਹੈ ਕਿ ਪੰਜਾਬੀ ਦੇ ਅਖਾਣ ਮੁਤਾਬਕ ਕੰਧਾਂ ਸੁਣਦੀਆਂ ਹੋਣ ਦਾ ਖਤਰਾ ਸਮਝਣ ਵਾਲੇ ਲੋਕ ਵਾਹਵਾ ਸੋਚ ਕੇ ਅਤੇ ਆਸਾ-ਪਾਸਾ ਵੇਖ ਕੇ ਬੋਲਣ ਵਿੱਚ ਗਨੀਮਤ ਸਮਝਣ ਲੱਗੇ ਹਨ।

ਸਾਡੀ ਇਹ ਲਿਖਤ ਉਸ ਵਕਤ ਦੇ ਹਾਲਾਤ ਪੇਸ਼ ਕਰਨ ਦਾ ਯਤਨ ਹੈ, ਜਦੋਂ ਪਾਰਲੀਮੈਂਟ ਚੋਣਾਂ ਦੇ ਦੋ ਗੇੜਾਂ ਵਿੱਚ ਸਿਰਫ ਸਿਰਫ ਇੱਕ ਸੌ ਛਿਆਸੀ ਸੀਟਾਂ ਲਈ ਵੋਟਿੰਗ ਹੋਈ ਤੇ ਤਿੰਨ ਸੌ ਸਤਵੰਜਾ ਸੀਟਾਂ ਦੀ ਅਜੇ ਹੋਣੀ ਹੈ। ਅਗਲੇ ਪੰਜਾਂ ਦੌਰਾਂ ਦੌਰਾਨ ਕੀ ਹੋਵੇਗਾ, ਇਸ ਤੋਂ ਕੁਝ-ਕੁਝ ਅੰਦਾਜ਼ਾ ਲੱਗ ਸਕਦਾ ਹੈ। ਹਾਲਾਤ ਇਸ ਵਾਰੀ ਇਸ ਦੇਸ਼ ਦੀ ਲੋਕਤੰਤਰੀ ਪ੍ਰਕਿਰਿਆ ਲਈ ਸੁਖਾਵੇਂ ਨਹੀਂ ਜਾਪਦੇ। ਕੱਲ੍ਹ ਨੂੰ ਕੀ ਹੋਵੇਗਾ, ਸਿਰਫ ਸੁੱਖ ਹੀ ਮੰਗੀ ਜਾ ਸਕਦੀ ਹੈ।

# ਚੋਣਾਂ ਵਿੱਚ ਆਮ ਮੁੱਦੇ ਗਾਇਬ ਕਿਉਂ?

-ਜਗਤਾਰ ਭੁੱਲਰ

ਇਨ੍ਹੀਂ ਦਿਨੀਂ ਦੇਸ਼ ਅੰਦਰ ਲੋਕ ਸਭਾ ਚੋਣਾਂ ਦਾ ਰੌਲਾ ਗੌਲਾ ਹੈ। ਪਹਿਲੇ ਅਤੇ ਦੂਜੇ ਗੇੜ ਦੀਆਂ ਵੋਟਾਂ ਪੈ ਚੁੱਕੀਆਂ ਹਨ, ਪਰ ਬੜੇ ਦੁੱਖ ਦੀ ਗੱਲ ਹੈ ਕਿ ਇਸ ਚੋਣ ਰੌਲੇ ਗੌਲੇ ਦੌਰਾਨ ਹਾਲੇ ਤੱਕ ਕਿਤੇ ਵੀ ਆਮ ਲੋਕਾਂ ਦੀ ਗੱਲ ਨਹੀਂ ਹੋਈ। ਸ਼ਾਇਦ ਇਸੇ ਲਈ ਵੋਟਿੰਗ ਫੀਸਦੀ ਆਸ ਨਾਲੋਂ ਘੱਟ ਰਹੀ ਹੈ। ਮੋਟੇ ਕਾਰਨਾਂ 'ਚੋਂ ਇਹ ਵੀ ਕਾਰਨ ਹੋ ਸਕਦਾ ਹੈ ਕਿ ਲੋਕ ਸਿਆਸੀ ਪਾਰਟੀਆਂ ਤੋਂ ਖਫਾ ਹੋਣ। ਲੋਕ ਅੱਜ ਵੀ ਰੋਜ਼ੀ ਰੋਟੀ ਲਈ ਤਰਸ ਰਹੇ ਹਨ, ਪਹਿਨਣ ਨੂੰ ਕੱਪੜਾ ਨਹੀਂ, ਖਾਣ ਨੂੰ ਦਾਣੇ ਨਹੀਂ। ਰਹਿਣ ਲਈ ਘਰ ਨਹੀਂ। ਲੋਕਾਂ ਨੂੰ ਫੁੱਟਪਾਥਾਂ 'ਤੇ ਸੌਣਾ ਪੈਂਦਾ ਹੈ। ਫਿਰ ਅਮੀਰ ਲੋਕਾਂ ਦੀਆਂ ਸੁੱਤੇ ਪਏ ਲੋਕਾਂ 'ਤੇ ਗੱਡੀਆਂ ਚੜ੍ਹ ਜਾਂਦੀਆਂ ਹਨ। ਸਰਕਾਰਾਂ ਕਹਿੰਦੀਆਂ ਹਨ ਕਿ ਲੋਕਾਂ ਨੂੰ ਫੁੱਟਪਾਥਾਂ ਉਤੇ ਨਹੀਂ ਸੌਣਾ ਚਾਹੀਦਾ। ਲੋਕਤੰਤਰ ਦੇ ਇਸ ਮਹਾ ਉਤਸਵ ਦੌਰਾਨ ਸਰਕਾਰ ਅਤੇ ਵਿਰੋਧੀ ਧਿਰ ਇਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਹੀ ਸਿਆਸਤ ਕਰ ਰਹੀ ਹੈ। ਦੇਸ਼ ਅੰਦਰ ਜਿਵੇਂ ਸਿਰਫ ਇਕੋ ਮੁੱਦਾ ਹੈ, ਉਹ ਹੈ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੋਵੇ ਜਾਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ। ਇਸ ਤੋਂ ਬਿਨਾ ਕੋਈ ਮੁੱਦਾ ਨਹੀਂ। ਲੋਕਾਂ ਕੋਲ ਪੀਣ ਲਈ ਪਾਣੀ ਵੀ ਨਹੀਂ। ਦਰਿਆ, ਨਦੀਆਂ ਨਾਲੇ ਸੁੱਕ ਰਹੇ ਹਨ। ਦੇਸ਼ ਅੰਦਰ ਲੋਕ ਪਹਿਲਾਂ ਮੂੰਹ ਹੱਥ ਧੋ ਲੈਂਦੇ ਅਤੇ ਫਿਰ ਉਸੇ ਪਾਣੀ ਨਾਲ ਰਸੋਈ ਦਾ ਕੰਮ ਕਰਦੇ ਹਨ ਤੇ ਬਾਕੀ ਬਚੇ ਪਾਣੀ ਨਾਲ ਕੱਪੜੇ ਧੋ ਲੈਂਦੇ ਹਨ। ਕਈ ਖਿੱਤਿਆਂ ਦੇ ਲੋਕ ਕਈ ਦਿਨ ਇਸ ਲਈ ਨਹਾਉਂਦੇ ਨਹੀਂ ਕਿ ਉਨ੍ਹਾਂ ਕੋਲ ਪਾਣੀ ਨਹੀਂ।

ਗੁਜਰਾਤ ਦੇ ਇਕ ਕਸਬੇ ਛੋਟਾਉਦੇਪੁਰ ਦੇ ਪਿੰਡ ਜੰਬੂਘੋੜਾ ਦੀ ਕਹਾਣੀ ਸੁਣਨ ਨੂੰ ਮਿਲੀ ਹੈ। ਉਸ ਪਿੰਡ 'ਚ ਇਕ ਕੁੜੀ ਦਾ ਵਿਆਹ ਸੀ। ਮਹਿੰਦੀ ਦੀ ਰਸਮ ਰਸਮ ਸ਼ੁਰੂ ਹੋਈ ਤਾ ਪਤਾ ਲੱਗਾ ਕਿ ਘਰ 'ਚ ਪਾਣੀ ਖਤਮ ਹੋ ਗਿਆ ਹੈ। ਕੁੜੀ ਨੂੰ ਖੁਦ ਪਾਣੀ ਲੈਣ ਲਈ ਘਰੋਂ ਬਾਹਰ ਜਾਣਾ ਪਿਆ। ਉਸ ਨੂੰ ਬਾਹਰ ਜਾਂਦੇ ਹੋਏ ਦੇਖ ਕੇ ਵਿਆਹ ਵਿੱਚ ਆਏ ਰਿਸ਼ਤੇਦਾਰ ਵੀ ਨਾਲ ਤੁਰ ਪਏ। ਹੌਲੀ-ਹੌਲੀ ਕੁੜੀ ਨਾਲ ਪਿੰਡ ਦੀਆਂ 50 ਹੋਰ ਔਰਤਾਂ ਆ ਗਈਆਂ ਅਤੇ ਫਿਰ ਪਿੰਡ 'ਚ ਹੋਕਾ ਦੇ ਕੇ ਪਾਣੀ ਇਕੱਠਾ ਕੀਤਾ ਗਿਆ। ਇਸ ਪਿੰਡ 'ਚ ਕਾਫੀ ਸਮੇਂ ਤੋਂ ਪਾਣੀ ਨਹੀਂ, ਪਰ ਲਗਭਗ 500 ਲੋਕ ਰਹਿੰਦੇ ਹਨ। ਉਹ ਪਾਣੀ ਨੂੰ ਤਰਸਦੇ ਹਨ। ਪੰਜ ਦਰਿਆਵਾਂ ਦੇ ਨਾਮ 'ਤੇ ਹੋਂਦ ਵਿੱਚ ਆਏ ਸੂਬੇ ਪੰਜਾਬ ਦੇ ਲੋਕ ਵੀ ਪੀਣ ਵਾਲੇ ਸ਼ੁੱਧ ਪਾਣੀ ਨੂੰ ਤਰਸਦੇ ਹਨ। ਪੰਜਾਬ ਵਿੱਚ ਕਿਤੇ ਸੋਕਾ ਅਤੇ ਕਿਤੇ ਡੋਬਾ ਹੈ। ਝੋਨੇ ਵਰਗੀਆਂ ਫਸਲਾਂ ਬੀਜਣ ਨਾਲ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ। ਪੰਜਾਬ ਦੇ ਕਈ ਬਲਾਕ 'ਡਾਰਕ ਜ਼ੋਨ' ਐਲਾਨੇ ਗਏ ਹਨ। ਜ਼ਹਿਰਾਂ ਦੇ ਬੇਤਹਾਸ਼ਾ ਛਿੜਕਾਅ ਨਾਲ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਗਿਆ ਹੈ, ਜਿਸ ਕਾਰਨ ਕੈਂਸਰ ਦਾ ਕਹਿਰ ਵਧਿਆ ਹੈ। ਇਹ ਹਨ ਦੇਸ਼ ਦੇ ਹਾਲਾਤ।

ਦੂਜੇ ਪਾਸੇ ਅਸੀਂ ਕੇਂਦਰ 'ਚ ਸਰਕਾਰ ਬਣਾਉਣ ਲਈ ਗੁਆਂਢੀ ਮੁਲਕ ਨਾਲ ਲੜਨ ਦੀਆਂ ਗੱਲਾਂ ਕਰ ਰਹੇ ਹਾਂ ਜੋ ਪਹਿਲਾਂ ਹੀ ਬਾਰੂਦ ਦੇ ਅੰਬਾਰ 'ਤੇ ਖੜਾ ਹੈ। ਕਿਸਾਨ ਦੇਸ਼ ਅੰਦਰ ਖੁਦਕੁਸ਼ੀਆਂ ਕਰਦੇ ਹਨ। ਦੇਸ਼ ਦਾ ਕੋਈ ਕੋਨਾ ਅਜਿਹਾ ਨਹੀਂ, ਜਿੱਥੋਂ ਦਾ ਕਿਸਾਨ ਖੁਸ਼ ਤੇ ਖੁਸ਼ਹਾਲ ਹੋਵੇ। ਕਿਸਾਨਾਂ ਦਾ ਸੰਘਰਸ਼ ਦਬਾ ਦਿੱਤਾ ਜਾਂਦਾ ਹੈ। ਦੇਸ਼ ਦੀ ਪਾਰਲੀਮੈਂਟ ਵੀ ਕਿਸਾਨਾਂ ਦੇ ਮਸਲੇ 'ਚ ਚੁੱਪ ਕਰ ਜਾਂਦੀ ਹੈ। ਸਰਕਾਰਾਂ ਡਾਕਟਰ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਤੋਂ ਹੱਥ ਖੜੇ ਕਰ ਚੁੱਕੀਆਂ ਹਨ। ਚੋਣਾਂ ਦੇ ਮਹਾ ਸੰਗਰਾਮ 'ਚ ਵੱਡੇ ਵਾਅਦੇ ਕੀਤੇ ਜਾ ਰਹੇ ਹਨ। ਪਹਿਲਾਂ ਲੋਕ 15 ਲੱਖ ਰੁਪਏ ਨੂੰ ਉਡੀਕਦੇ ਰਹੇ ਅਤੇ ਫਿਰ ਸਰਕਾਰ ਇਹ ਕਹਿ ਕੇ ਖਹਿੜਾ ਛੁਡਾਉਣਾ ਪਿਆ ਕਿ ਉਹ ਤਾਂ ਚੋਣਾਂ ਵੇਲੇ ਜੁਮਲਾ ਸੀ। ਅੱਜ ਹਰ ਭਾਰਤੀ ਨੂੰ ਘੱਟੋ-ਘੱਟ ਮਿਹਨਤਾਨਾ ਦੇਣ ਦਾ ਦਾਅਵਾ ਕੀਤਾ ਗਿਆ ਹੈ। ਦੇਸ਼ ਅੰਦਰ ਕਿਸਾਨਾਂ ਦਾ ਬੁਰਾ ਹਾਲ ਹੈ ਤਾਂ ਜਵਾਨੀ ਵੀ ਖੁਸ਼ ਨਹੀਂ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਵਾਰਸ ਅਖਵਾਉਣ ਵਾਲੇ ਲੋਕ ਸਰਕਾਰਾਂ ਤੋਂ ਤੰਗ ਆ ਕੇ ਆਪਣੇ ਹੀ ਉਸ ਦੇਸ਼ ਨੂੰ ਭੰਡਣ ਲੱਗ ਪਏ ਹਨ, ਜਿਸ ਦੇਸ਼ ਦੇ ਵੱਡਿਆਂ ਨੇ ਆਪਣਾ ਖੂਨ ਦੇ ਕੇ ਗੁਲਾਮੀ ਦਾ ਸਰਾਪ ਗਲੋਂ ਲਾਹਿਆ ਸੀ। ਦੇਸ਼ ਦਾ ਸਰਮਾਇਆ ਧਨ ਅਤੇ ਮਨ, ਪੈਸਾ ਅਤੇ ਜਵਾਨੀ ਦੋਵੇਂ ਹੀ ਪੈਸੇ ਖਰਚ ਕੇ ਵਿਦੇਸ਼ ਜਾ ਰਹੇ ਹਨ। ਇਥੇ ਕੋਈ ਨਹੀਂ ਰਹਿਣਾ ਚਾਹੁੰਦਾ। ਦੇਸ਼ ਅੰਦਰ ਕੋਈ ਅਤੇ ਕਿਸੀ ਪਾਰਟੀ ਦੀ ਸਰਕਾਰ ਬਣੇ ਤੇ ਕੋਈ ਪ੍ਰਧਾਨ ਮੰਤਰੀ ਬਣੇ, ਇਸ ਤੋਂ ਲੋਕਾਂ ਨੇ ਕੀ ਲੈਣਾ? ਜਨਤਾ ਦਾ ਇਸ ਨਾਲ ਕੋਈ ਸਰੋਕਾਰ ਨਹੀਂ। ਲੋਕਾਂ ਦਾ ਸਰੋਕਾਰ ਅੱਜ ਵੀ ਕੁੱਲੀ, ਗੁੱਲੀ ਅਤੇ ਜੁੱਲੀ ਨਾਲ ਜੁੜਿਆ ਹੈ। ਹਾਲਾਤ ਇਹ ਹਨ ਕਿ 12 ਜਮਾਤਾਂ ਪਾਸ ਕਰਕੇ ਹੀ ਪੰਜਾਬ ਦੇ ਧੀਆਂ ਪੁੱਤਰ ਵਿਦੇਸ਼ਾਂ 'ਚ ਜਾ ਰਹੇ ਹਨ। ਘਰ ਕੀ, ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਵੀ ਖਾਲੀ ਹੋ ਗਈਆਂ ਹਨ।

ਜਿਹੜੇ ਬੱਚੇ ਵਿਦੇਸ਼ਾਂ 'ਚ ਪੱਕੇ ਹੋ ਗਏ, ਮਤਲਬ ਉਨ੍ਹਾਂ ਦਾ ਆਪਣੇ ਪਰਵਾਰ, ਆਪਣੇ ਪੰਜਾਬ ਨਾਲੋਂ ਜਿਸਮਾਨੀ ਨਾਤਾ ਟੁੱਟ ਗਿਆ ਹੈ, ਬਸ ਰੂਹ ਦਾ ਰਿਸ਼ਤਾ ਰਹਿ ਜਾਵੇਗਾ। ਰੂਹਾਂ ਦਾ ਕੀ, ਉਹ ਤਾਂ ਭਟਕਦੀਆਂ ਹੀ ਰਹਿੰਦੀਆਂ ਹਨ। ਪੰਜ ਦਰਿਆਵਾਂ ਦੀ ਧਰਤੀ ਸੁੱਕਣ ਦੇ ਕੰਢੇ ਹੈ। ਪੰਜਾਬ ਵੀ ਰੇਗਿਸਤਾਨ ਦੀਆਂ ਰਾਹਾਂ 'ਤੇ ਤੁਰ ਚੁੱਕਾ ਹੈ। ਕਿਸਾਨੀ ਤੇ ਕਿਰਸਾਨ ਤਰਸ ਦੇ ਪਾਤਰ ਬਣ ਗਏ ਹਨ। ਪਾਣੀ ਮੁੱਕ ਰਹੇ ਹਨ ਅਤੇ ਇਸ ਸਭ ਦੀ ਕਿਸੇ ਨੂੰ ਕੋਈ ਚਿੰਤਾ ਨਹੀਂ। ਲੋਕਾਂ ਨੂੰ ਜਾਗਣ ਦੀ ਲੋੜ ਹੈ। ਆਖਰ ਪੰਜ ਸਾਲ ਦੇ ਭਵਿੱਖ ਦਾ ਮਸਲਾ ਹੈ। ਅਸੀਂ ਜਾਗ ਗਏ ਤਾਂ ਨੇਤਾ ਵੀ ਜਾਗ ਜਾਣਗੇ। ਫਿਰ ਦੇਸ਼ ਅੰਦਰ ਇਕ ਨਵੀਂ ਸਵੇਰ ਹੋਵੇਗੀ। ਉਹ ਸਵੇਰ ਜਿਸ ਦੇ ਸੁਪਨੇ ਸਾਡੇ ਸ਼ਹੀਦਾਂ ਨੇ ਆਪਣਾ ਖੂਨ ਦੇ ਕੇ ਲਏ ਸਨ।

# ਉਡੀਕਦੇ ਬੂਹੇ

-ਸਤਨਾਮ ਚੌਹਾਨ

ਸਾਰੇ ਜੀਵ, ਪਸ਼ੂ ਪੰਛੀ ਆਪਣਾ ਘਰ ਬਣਾਉਂਦੇ ਹਨ। ਮਨੁੱਖ ਰੀਝਾਂ ਨਾਲ ਘਰ ਬਣਾਉਂਦਾ ਹੈ। ਪਸ਼ੂ ਜਿਸ ਕਿੱਲੇ ਰੋਜ਼ ਬੱਝਦੇ ਹਨ, ਉਹ ਉਥੇ ਆਉਣਾ ਪਸੰਦ ਕਰਦੇ ਹਨ। ਉਨ੍ਹਾਂ ਨੂੰ ਭਾਵੇਂ ਕਿੰਨੀ ਦੂਰ ਚਰਾਦਾਂ ਵਿੱਚ ਲੈ ਜਾਓ, ਉਹ ਫੇਰ ਘਰ ਪਰਤਦੇ ਹਨ। ਆਪਣੇ ਬੂਹੇ ਦੀ ਪਸ਼ੂ ਨੂੰ ਪੂਰੀ ਪਛਾਣ ਹੁੰਦੀ ਹੈ। ਬੂਹੇ ਦੀ ਅਹਿਮੀਅਤ ਤਾਂ ਬਣਦੀ ਹੈ ਕਿ ਇਨ੍ਹਾਂ ਵਿੱਚ ਹੁੰਦਾ ਬੰਦਾ ਸੁਰੱਖਿਅਤ ਮਹਿਸੂਸ ਕਰੇ। ਇਹ ਸੁਰੱਖਿਆ ਬੂਹਾ ਦਿੰਦਾ ਹੈ। ਜਦੋਂ ਕੋਈ ਆਪਣਾ ਪਿਆਰਾ ਕਿਤੇ ਦੂਰ ਦੁਰ-ਾਡੇ ਜਾਂਦਾ ਹੈ ਤੇ ਸਾਲਾਂ ਤੱਕ ਵਾਪਸ ਨਹੀਂ ਆਉਂਦਾ ਤਾਂ ਘਰ ਦੇ ਬਾਕੀ ਜੀਆਂ ਵਾਂਗ ਬੂਹੇ ਵੀ ਉਨ੍ਹਾਂ ਨੂੰ ਉਡੀਕਦੇ ਹਨ। ਅੱਜ ਕੱਲ੍ਹ ਬਾਹਰ ਜਾਣ ਦਾ ਦੌਰ ਚੱਲਿਆ ਹੋਇਆ ਹੈ। ਪੁੱਤਰ/ ਧੀਆਂ ਵਿਦੇਸ਼ ਤੁਰ ਜਾਂਦੇ ਹਨ। ਪਿੱਛੇ ਆਪਣਿਆਂ ਨੂੰ ਛੱਡ ਜਾਂਦੇ ਹਨ, ਜੋ ਦਿਨ ਰਾਤ ਬੂਹੇ ਦੇ ਨਾਲ ਉਨ੍ਹਾਂ ਨੂੰ ਉਡੀਕਦੇ ਹਨ। ਜੋ ਘਰੋਂ ਜਾਂਦਾ ਹੈ, ਬੂਹਾ ਸਦਾ ਉਸ ਦੀ ਉਡੀਕ ਕਰਦਾ ਹੈ। ਬੂਹੇ ਦੀ ਕਿਸਮਤ ਵਿੱਚ ਘਰੋਂ ਗਏ ਦੀ ਉਡੀਕ ਲਿਖੀ ਹੁੰਦੀ ਹੈ। ਘਰ ਵਿੱਚ ਵੱਸਦੀ ਬ੍ਰਿਹਣ ਵੀ ਹਿਰਸ ਨਾਲ ਉਡੀਕਦੀ ਹੈ। ਅੱਜ ਕੱਲ੍ਹ ਬੁੱਢੇ ਮਾਂ ਬਾਪ ਬੂਹੇ ਨਾਲ ਲੱਗ ਕੇ ਆਪਣੇ ਦੂਰ ਵਿਦੇਸ਼ ਗਏ ਬੱਚਿਆਂ ਦੀ ਉਡੀਕ ਕਰਦੇ ਹਨ। ਦੂਰ-ਦੂਰ ਤੱਕ ਉਹ ਨਿਰਾਸ਼ੀਆਂ ਨਜ਼ਰਾਂ ਨਾਲ ਵੇਖਦੇ ਹਨ। ਇਨ੍ਹਾਂ ਨੂੰ ਵੇਖ-ਵੇਖ ਬੂਹਾ ਵੀ ਉਦਾਸ ਹੋ ਜਾਂਦਾ ਹੈ। ਬੂਹਾ ਘਰ ਦੀ ਰਾਖੀ ਕਰਦਾ ਹੈ। ਇਹ ਚੋਰ ਉਚੱਕਿਆਂ ਤੋਂ ਘਰ ਸੁਰੱਖਿਅਤ ਰੱਖਦਾ ਹੈ। ਮੰਗਣ ਆਇਆ ਮੰਗਤਾ ਇਸ ਬੂਹੇ 'ਤੇ ਦਸਤਕ ਦਿੰਦਾ ਹੈ। ਕਹਿੰਦੇ; ਬੂਹੇ ਜੋ ਮੰਗਣ ਆਇਆ, ਉਸ ਨੂੰ ਕਿਉਂ ਖਾਲੀ ਮੋੜਨਾ। ਕੀ ਪਤਾ ਰੱਬ ਕਿਸ ਰੂਪ ਵਿੱਚ ਆ ਜਾਵੇ। ਕੀ ਪਤਾ ਰਾਂਝਾ ਜੋਗੀ ਹੀ ਹੋਵੇ, ਜੋ ਖੈਰ ਲੈਣ ਦੇ ਬਹਾਨੇ ਦੀਦਾਰ ਕਰਨਾ ਚਾਹੇ।

ਬੂਹਾ ਇੱਜ਼ਤਾਂ ਢੱਕਦਾ ਹੈ। ਪਰਦੇ ਰੱਖਦਾ ਤੇ ਪ੍ਰਾਹੁਣਿਆਂ ਦੀ ਉਡੀਕ ਕਰਦਾ ਹੈ। ਜੇ ਕੋਈ ਸਾਂਵਲਾ ਪ੍ਰਾਹੁਣਾ ਆਉਂਦਾ ਹੈ ਤਾਂ ਬੂਹਾ ਨੱਚ ਉਠਦਾ ਹੈ। ਖਿੜ ਜਾਂਦਾ ਹੈ, ਨਸ਼ਿਆ ਜਾਂਦਾ ਹੈ। ਔਰਤਾਂ ਅਤੇ ਬਿਰਧ ਬੂਹੇ ਸਹਾਰੇ ਹੀ ਸਵੇਰ ਚੜ੍ਹਾਉਂਦੇ ਦਿਨ ਕੱਟਦੇ ਹਨ। ਬੂਹਾ ਦਰਵੇਸ਼ ਇਨ੍ਹਾਂ ਦੀ ਚੱਤੋ ਪਹਿਰ ਰਾਖੀ ਕਰਦਾ ਹੈ। ਇਸੇ ਬੂਹੇ ਸਹਾਰੇ ਕਈ ਮੁਟਿਆਰਾਂ ਆਪਣਾ ਸਾਰਾ ਜੀਵਨ ਉਡੀਕ ਕਰਦੀਆਂ ਹੋਈਆਂ ਬਿਤਾ ਦਿੰਦੀਆਂ ਹਨ। ਜਦੋਂ ਕਿਸੇ ਬ੍ਰਿਹਣ ਦਾ ਪ੍ਰਦੇਸੀ ਪਤੀ ਘਰ ਆਉਣਾ ਹੋਵੇ ਤਾਂ ਉਸ ਨਾਲ ਬੂਹਾ ਵੀ ਨੱਚ ਉਠਦਾ ਹੈ। ਉਹ ਗਾਉਂਦਾ ਹੋਇਆ ਪ੍ਰਤੀਤ ਹੁੰਦਾ ਹੈ। ਸੰਦਲੀ ਹਵਾਵਾਂ ਨੂੰ ਰੋਕਦਾ ਨਹੀਂ, ਸਗੋਂ ਅੰਦਰ ਆਉਣ ਦਿੰਦਾ ਹੈ। ਇਹ ਬੂਹੇ ਦੀ ਵਡਿਆਈ ਹੈ। ਜਦੋਂ ਚਿਰਾਂ ਦਾ ਪ੍ਰਦੇਸ ਗਿਆ ਮਾਹੀ ਘਰ ਨਹੀਂ ਪਰਤਦਾ ਤਾਂ ਬ੍ਰਿਹਣ ਆਪਣੇ ਮਾਹੀ ਨੂੰ ਕਹਿੰਦੀ ਹੈ:

ਜੇ ਤੂੰ ਚਲਿਆ ਚਾਕਰੀ,
ਵੇ ਇੱਥੇ ਵਸੇਗਾ ਕਿਹੜਾ,
ਬੂਹੇ ਨੂੰ ਮਾਰਾਂਗੀ ਜਿੰਦਰਾ ਵੇ,
ਪੇਕੇ ਲਾ ਲਵਾਂਗੀ ਡੇਰਾ।

ਕਈ ਵਾਰ ਵੱਸਦੇ ਰਸਦੇ ਘਰਾਂ ਨੂੰ ਸਦਾ ਲਈ ਜਿੰਦਰੇ ਵੱਜ ਜਾਂਦੇ ਹਨ। ਜਦੋਂ ਕੋਈ ਪ੍ਰਦੇਸ ਜਾ ਵਸਦਾ ਹੈ ਤੇ ਪਿੱਛੋਂ ਬੁੱਢੇ ਮਾਂ ਬਾਪ ਅਗਲੇ ਘਰ ਚਲੇ ਜਾਂਦੇ ਹਨ ਤਾਂ ਉਦੋਂ ਦੁੱਖ ਹੁੰਦਾ ਹੈ। ਜਦੋਂ ਔਲਾਦ ਹੀ ਆਪਣੇ ਮਾਂ ਬਾਪ ਲਈ ਬੂਹਾ ਬੰਦ ਕਰ ਲੈਂਦੀ ਹੈ, ਉਦੋਂ ਬੂਹਾ ਬੇਵੱਸ ਹੁੰਦਾ ਹੈ। ਉਦਾਸ ਤੇ ਹੈਰਾਨ ਹੁੰਦਾ ਹੈ ਕਿ ਕੀ ਹੋ ਗਿਆ ਇਨਸਾਨ ਨੂੰ, ਤੜਫਦਾ ਹੈ, ਪਰ ਉਹ ਕੀ ਕਰ ਸਕਦਾ ਹੈ। ਬੂਹੇ ਉਦੋਂ ਵੀ ਬੰਦ ਹੁੰਦੇ ਹਨ, ਜਦੋਂ ਕੋਈ ਮੁਟਿਆਰ ਆਪਣੇ ਕਿਸੇ ਪਿਆਰੇ ਨਾਲ ਸਰਦਲ ਟੱਪ ਜਾਂਦੀ ਹੈ। ਬੂਹਾ ਬੇਵੱਸ ਹੁੰਦਾ, ਰੋਕਣ ਦੀ ਕੋਸ਼ਿਸ਼ ਕਰਦਾ, ਪਰ ਪਿਆਰ ਵਿੱਚ ਭਿੱਜੀ ਉਹ ਬੂਹਾ ਟੱਪ ਜਾਂਦੀ ਹੈ। ਫੇਰ ਕਈ ਵਾਰ ਉਸ ਦੇ ਬੂਹੇ ਸਦਾ ਲਈ ਬੰਦ ਹੋ ਜਾਂਦੇ ਹਨ। ਅਗਲੇ ਥਾਂ ਉਸ ਦੇ ਲਈ ਕੋਈ ਬੂਹਾ ਖੁੱਲ੍ਹਦਾ ਹੈ ਜਾਂ ਨਹੀਂ, ਰੱਬ ਜਾਣੇ। ਬੂਹਿਆਂ ਦੇ ਅੰਦਰ ਸਾਜ਼ਿਸ਼ਾਂ ਘੜੀਆਂ ਜਾਂਦੀਆਂ ਹਨ। ਵੈਰ ਪਲਦੇ ਹਨ। ਬੂਹਿਆਂ ਦੇ ਅੰਦਰ ਲੁਕਵੇਂ ਰਿਸ਼ਤੇ ਪਲਦੇ ਹਨ। ਬੂਹਾ ਇਹ ਦੇਖ ਕੇ ਬਰਦਾਸ਼ਤ ਕਰਦਾ ਹੈ। ਬੰਦ ਬੂਹਿਆਂ ਅੰਦਰ ਰਾਜਸੀ ਚਾਲਾਂ ਘੜੀਆਂ ਜਾਂਦੀਆਂ ਹਨ, ਨੀਤੀਆਂ ਘੜੀਆਂ ਜਾਂਦੀਆਂ ਹਨ। ਵਿਚਾਰਾ ਬੂਹਾ ਸਭ ਕੁਝ ਸੁਣਦਾ, ਵੇਖਦਾ ਕੁਝ ਨਹੀਂ ਕਰ ਸਕਦਾ। ਨਵੀਂ ਵਿਆਹੀ ਆਈ ਦੁਲਹਨ ਵੀ ਬੂਹੇ ਵਿੱਚ ਖਲੋ, ਚੁਗਾਠ ਫੜ ਕੇ ਘਰ ਦੇ ਅੰਦਰ ਕਦਮ ਰੱਖਦੀ ਹੈ। ਜਦੋਂ ਉਸ ਦੇ ਵਿਹੜੇ ਰੌਣਕ ਲੱਗਦੀ ਹੈ ਤਾਂ ਬੂਹਾ ਖੁਸ਼ ਹੋ ਜਾਂਦਾ। ਉਹ ਨਵੀਂ ਵਿਆਹੀ ਆਈ ਨੂੰ ਜੀ ਆਇਆਂ ਆਖਦਾ ਹੈ ਤੇ ਇੰਜ ਲੱਗਦਾ ਜਿਵੇਂ ਉਹ ਕਹਿ ਰਿਹਾ ਹੋਵੇ ਕਿ ਸਦੀਆਂ ਤੋਂ ਮੈਂ ਹੀ ਧੀਆਂ, ਭੈਣਾਂ ਤੇ ਹੋਰ ਘਰ ਦੀ ਇੱਜ਼ਤ ਰੱਖਦਾ ਆਇਆਂ ਹਾਂ ਤੇ ਅੱਗੋਂ ਵੀ ਰੱਖਾਂਗਾ। ਬੂਹੇ ਨਾ ਹੋਣ ਤਾਂ ਪਰਦਾ ਵੀ ਨਹੀਂ ਹੋਵੇਗਾ। ਬੂਹਾ ਚੰਗੇ ਮਾੜੇ ਦੇ ਪਰਦੇ ਢਕਦਾ ਹੈ। ਇੱਜ਼ਤ ਰੱਖਦਾ ਹੈ। ਖੁੱਲ੍ਹੇ ਬੂਹਿਆਂ ਨਾਲ ਜ਼ਿੰਦਗੀ ਹੈ। ਚਾਅ ਮਲ੍ਹਾਰ ਹਨ। ਰੌਣਕਾਂ ਤੇ ਖੁਸ਼ੀਆਂ ਹਨ। ਕੁਦਰਤ ਸਭ ਦੇ ਬੂਹੇ ਖੁੱਲ੍ਹੇ ਰੱਖੇ ਤੇ ਜ਼ਿੰਦਗੀ ਧੜਕਦੀ ਰਹੇ। ਬੂਹੇ ਹਮੇਸ਼ਾ ਘਰ ਆਏ ਨੂੰ ਜੀ ਆਇਆਂ ਆਖਣ ਤੇ ਗਿਆਂ ਨੂੰ ਉਡੀਕਣ।


SIKH SPORTS CLUB
UNITED SPORTS CLUB
BOYS & GIRLS SOCCER CLUB
YOUTH AGES 2015 - 2002
5 PRACTICE AREAS – WEEKEND GAMES @ DIXIE & 407
BRAMPTON — CHERRYTREE & RAYLAWSON
BRAMPTON NORTH — BOVAIRD & CHINGUACOUSY RD
GORE — CASTLEMORE & GORE RD
MALTON — AIRPORT & MORNINGSTAR
SPRINGDALE — SANDALWOOD & TORBRAM
REGISTRATION $180
AFTER JUNE 1st REGISTRATION $200

INCLUDED IN REGISTRATION
- ✓ Uniforms
- ✓ Soccer Ball
- ✓ Family Picnic
- ✓ Trophy
- ✓ Games All Summer
- ✓ Training All Summer

VOLUNTEER TO COACH A TEAM.
YOUR CHILD PLAYS FREE!
LOOKING FOR VOLUNTEER HOURS?
GET THEM FROM US!
REGISTER ONLINE
www.SIKHSPORTSCLUB.com
www.UNITEDSPORTSCLUB.ca

FORMS AVAILABLE HERE

GURDWARA SAHIB — in person Sun 12-2PM

| | | |
|---|---|---|
| Sri Guru Singh Sabha | Malton | 905 671 1662 |
| Sikh Spiritual Centre | Rexdale | 416 746 6666 |
| Sri Guru Nanak Sikh Centre (Gildden) | Brampton | 905 457 5757 |
| Sikh Sangat (Van Kirk) | Brampton | 905 495 1200 |
| Nanaksar Sahib | Brampton | |

RETAILERS

| | | |
|---|---|---|
| Singh Foods | Brampton | 905 796 2995 |
| Movie Time | Gore | 905 913 1113 |
| New City Pizza | Bramlea & Country Side | 905 792 2700 |
| Gore Meat Shop | Brampton | 905 913 0689 |
| Khalsa Travel and Tours | Springdale | 905 799 8800 |
| Doaba Sweets& Restaurant 305 Charolais Blvd | | 905 450 1455 |
| 9705 James Potter Rd | | 905 216 7951 |
| Asian Food Centre Chinguacousy/Williams PKWY | | Sun 12-2PM |

416 744 2999
Follow us on twitter @Sikh_SportsClub or facebook.com/SikhSportsC
Please note: no refunds after uniforms are given



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ




- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

## ਪਿੰਡ ਬੰਮਣਾ ਵਿੱਚੋਂ ਓ ਬੀ ਸੀ ਬੈਂਕ ਤੋਂ ਸਵਾ ਸੱਤ ਲੱਖ ਲੁੱਟੇ

ਸਮਾਣਾ, 22 ਅਪ੍ਰੈਲ (ਪੋਸਟ ਬਿਊਰੋ)- ਨੇੜਲੇ ਪਿੰਡ ਬੰਮਣਾ ਵਿਚਲੇ ਓ ਬੀ ਸੀ ਬੈਂਕ ਦੀ ਬ੍ਰਾਂਚ ਵਿੱਚੋਂ ਕੱਲ੍ਹ ਦਿਨ ਦਿਹਾੜੇ ਪੰਜ ਹਥਿਆਰਬੰਦ ਨਕਾਬਪੋਸ਼ ਲੁਟੇਰੇ ਸੱਤ ਲੱਖ 27 ਹਜ਼ਾਰ 530 ਰੁਪਏ ਲੁੱਟ ਕੇ ਲੈ ਗਏ। ਵਾਰਦਾਤ ਤੋਂ ਬਾਅਦ ਐੱਸ ਐੱਸ ਪੀ ਪਟਿਆਲਾ ਮਨਦੀਪ ਸਿੰਘ ਸਿੱਧੂ ਅਤੇ ਹੋਰ ਪੁਲਸ ਅਫਸਰਾਂ ਨੇ ਘਟਨਾ ਦਾ ਜਾਇਜ਼ਾ ਲਿਆ ਅਤੇ ਬੈਂਕ 'ਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖਣ ਪਿੱਛੋਂ ਲੁਟੇਰਿਆਂ ਦੀ ਭਾਲ ਸ਼ੁਰੂ ਕਰਵਾਈ ਹੈ। ਪਤਾ ਲੱਗਾ ਹੈ ਕਿ ਸਮਾਣਾ ਭਵਾਨੀਗੜ੍ਹ ਰੋਡ 'ਤੇ ਪਿੰਡ ਬੰਮਣਾ ਦੇ ਓਰੀਐਂਟਲ ਬੈਂਕ ਆਫ ਕਾਮਰਸ ਵਿੱਚ ਕੱਲ੍ਹ ਕਰੀਬ ਡੇਢ ਵਜੇ ਪੰਜ ਕਾਰ ਸਵਾਰ ਲੁਟੇਰੇ ਆਏ, ਜਿਨ੍ਹਾਂ ਦੇ ਮੂੰਹ ਢਕੇ ਹੋਏ ਸਨ। ਉਨ੍ਹਾਂ ਵਿੱਚੋਂ ਚਾਰ ਲੁਟੇਰੇ ਬੈਂਕ ਵਿੱਚ ਦਾਖਲ ਹੋਏ ਅਤੇ ਇੱਕ ਕਾਰ ਸਟਾਰਟ ਕੇ ਉਸ ਵਿੱਚ ਬੈਠਾ ਰਿਹਾ। ਬੈਂਕ ਵਿੱਚ ਗਏ ਲੁਟੇਰਿਆਂ ਦੇ ਹੱਥਾਂ ਵਿੱਚ ਪਿਸਤੌਲ ਸਨ ਤੇ ਉਨ੍ਹਾਂ ਬੈਂਕ ਵਿੱਚ ਜਾਂਦੇ ਸਾਰ ਸਕਿਓਰਟੀ ਗਾਰਡ ਬਲਜੀਤ ਸਿੰਘ ਤੋਂ ਉਸ ਦੀ ਬੰਦੂਕ ਖੋਹ ਲਈ ਅਤੇ ਕੈਸ਼ੀਅਰ ਨੂੰ ਪਿਸਤੌਲ ਨਾਲ ਡਰਾ ਕੇ ਉਸ ਕੋਲੋਂ ਸਾਰਾ ਕੈਸ਼ ਲੈ ਕੇ ਬੈਗ ਵਿੱਚ ਭਰ ਲਿਆ ਤੇ ਨਿਕਲ ਗਏ। ਲੁੱਟੀ ਗਈ ਰਕਮ ਸੱਤ ਲੱਖ 27 ਹਜ਼ਾਰ 530 ਰੁਪਏ ਦੱਸੀ ਗਈ ਹੈ।

## ਸਿਰਸਾ ਡੇਰੇ ਦੇ ਚੇਲੇ ਲੋਕ ਸਭਾ ਚੋਣਾਂ ਲਈ ਇਕਜੁੱਟ ਹੋਣ ਲੱਗੇ

### * ਹੱਥ ਖੜ੍ਹੇ ਕਰ ਕੇ ਇਕੱਠੇ ਰਹਿਣ ਦਾ ਫੈਸਲਾ ਹੋਣਾ ਸ਼ੁਰੂ



ਮੋਗਾ, 22 ਅਪ੍ਰੈਲ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਦੇ ਪ੍ਰੇਮੀਆਂ ਅਤੇ ਪ੍ਰਬੰਧਕਾਂ ਨੇ ਇਸ ਡੇਰੇ ਦੇ 71ਵੇਂ ਸਥਾਪਨਾ ਦਿਵਸ ਅਤੇ ਜਾਮ-ਏ-ਇੰਸਾਂ ਸ਼ੁਰੂ ਕਰਨ ਦੀ 13ਵੀਂ ਵਰ੍ਹੇਗੰਢ ਮੌਕੇ ਨਾਮ ਚਰਚਾ ਵਿੱਚ ਆਈ ਭੀੜ ਕੋਲੋਂ ਪਾਰਲੀਮੈਂਟਰੀ ਚੋਣਾਂ ਲਈ ਹੱਥ ਖੜੇ ਕਰ ਕੇ ਇਕਜੁੱਟਤਾ ਨਾਲ ਫੈਸਲਾ ਲੈਣ ਦਾ ਪ੍ਰਣ ਕਰਵਾ ਲਿਆ ਹੈ। ਇਸ ਮੌਕੇ ਪ੍ਰਸ਼ਾਸਨ ਨੇ ਚੌਕਸੀ ਵਜੋਂ ਵੱਡੀ ਗਿਣਤੀ ਵਿੱਚ ਪੁਲਸ ਤਾਇਤੀ ਕੀਤੀ ਅਤੇ ਮੁੱਖ ਮਾਰਗਾਂ ਉਤੇ ਨਾਕੇ ਲਾਏ ਹੋਏ ਸਨ।

ਵਰਨਣ ਯੋਗ ਹੈ ਕਿ ਪਿਛਲੇ ਕਰੀਬ ਦੋ ਦਹਾਕਿਆਂ ਤੋਂ ਪੰਜਾਬ ਅਤੇ ਹਰਿਆਣੇ ਦੀ ਸਿਆਸਤ ਵਿੱਚ ਦਾਬਾ ਰੱਖਣ ਵਾਲੇ ਇਸ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਦੇ ਜੇਲ੍ਹ ਜਾਣ ਤੇ ਬੇਅਦਬੀ ਘਟਨਾਵਾਂ 'ਚ ਡੇਰਾ ਪ੍ਰੇਮੀਆਂ ਦੀ ਗ੍ਰਿਫਤਾਰੀ ਪਿੱਛੋਂ ਬਹੁਤ ਸਾਰੇ ਸਿਆਸਤਦਾਨਾਂ ਨੇ ਡੇਰਾ ਪ੍ਰੇਮੀਆਂ ਤੋਂ ਦੂਰੀ ਬਣਾ ਲਈ ਸੀ। ਇਸ ਦੇ ਬਾਅਦ ਪੰਜਾਬ ਦੇ ਸਿਆਸਤ ਵਿੱਚ ਖੂੰਜੇ ਲੱਗੇ ਹੋਏ ਡੇਰਾ ਪ੍ਰੇਮੀਆਂ ਨੇ ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਵੱਡੇ ਇਕੱਠ ਕਰ ਕੇ ਫਿਰ ਤੋਂ ਸਰਗਰਮੀਆਂ ਸ਼ੁਰੂ ਕਰ ਕੇ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਦੀ ਨੀਂਦ ਉਡਾਈ ਪਈ ਹੈ। ਕੱਲ੍ਹ ਏਸੇ ਸੰਬੰਧ ਵਿੱਚ ਇਸ ਡੇਰੇ ਨਾਲ ਸੰਬੰਧਤ ਵੱਖ-ਵੱਖ ਸਮਿਤੀਆਂ, ਡੇਰੇ ਨਾਲ ਸੰਬੰਧਤ ਜ਼ਿੰਮੇਵਾਰ ਨੁਮਾਇੰਦਿਆਂ ਅਤੇ ਡੇਰੇ ਦੇ ਰਾਜਨੀਤਕ ਵਿੰਗ ਦੇ ਮੈਂਬਰਾਂ ਦੀ ਮੀਟਿੰਗ ਪਿੱਛੋਂ ਪ੍ਰਬੰਧਕਾਂ ਨੇ ਸਾਰੇ ਡੇਰਾ ਪ੍ਰੇਮੀਆਂ ਨੂੰ ਇਕੱਠੇ ਰਹਿਣ ਦਾ ਸੱਦਾ ਦਿੰਦਿਆਂ ਕਿਹਾ ਕਿ ਪਹਿਲਾਂ ਵੀ ਡੇਰਾ ਪ੍ਰੇਮੀਆਂ ਨੇ ਸਾਰੇ ਫੈਸਲੇ ਮਿਲ ਕੇ ਲਏ ਹਨ ਅਤੇ ਅੱਗੇ ਵੀ ਉਨ੍ਹਾਂ ਦੀ ਸੰਗਤ ਇਕੱਠੀ ਰਹੇਗੀ। ਇਸ ਦੇ ਹੁੰਗਾਰੇ ਵਜੋਂ ਡੇਰਾ ਪ੍ਰੇਮੀਆਂ ਨੇ ਹੱਥ ਖੜ੍ਹੇ ਕਰ ਕੇ ਇਸ ਫੈਸਲੇ ਨਾਲ ਇਕਜੁੱਟਤਾ ਪ੍ਰਗਟ ਕੀਤੀ। ਇਸ ਮੌਕੇ ਡੇਰਾ ਪ੍ਰਬੰਧਕਾਂ ਨੇ ਪੁਲਸ ਉੱਤੇ ਡੇਰਾ ਪ੍ਰੇਮੀਆਂ ਨੂੰ ਫੋਨ ਕਰ ਕੇ ਰੋਕਣ ਦੇ ਯਤਨ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਵੱਡੇ ਪੱਧਰ 'ਤੇ ਅੜਿੱਕਿਆਂ ਦੇ ਬਾਵਜੂਦ 50 ਹਜ਼ਾਰ ਪ੍ਰੇਮੀਆਂ ਨੇ ਇਕੱਠੇ ਹੋ ਕੇ ਸਾਂਝੀ ਰਾਏ ਦੇ ਨਾਲ ਮੂੰਹ-ਤੋੜ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਲਈ ਮਿਲ ਕੇ ਕੋਈ ਫੈਸਲਾ ਲਿਆ ਜਾਵੇਗਾ।

ਸਥਾਨਕ ਮਲੋਟ-ਬਠਿੰਡਾ ਰੋਡ 'ਤੇ ਨਾਮ ਚਰਚਾ ਘਰ ਵਿੱਚ ਹੋਈ ਜ਼ਿਲ੍ਹਾ ਪੱਧਰੀ ਨਾਮ ਚਰਚਾ ਵਿੱਚ ਵੱਡਾ ਇਕੱਠ ਹੋਣ ਪਿੱਛੋਂ ਏਕੇ ਦਾ ਪ੍ਰਗਟਾਵਾ ਕਰਨ ਦੇ ਨਾਲ ਰਾਜਨੀਤਕ ਪਾਰਟੀਆਂ ਲਈ ਕਈ ਤਰ੍ਹਾਂ ਦੇ ਸੰਦੇਸ਼ ਵੀ ਦਿੱਤੇ ਗਏ। ਡੇਰਾ ਸਿਰਸਾ ਦੇ ਇਸ ਇਕੱਠ ਵਿੱਚ ਕਾਂਗਰਸ ਸਮੇਤ ਕਈ ਪਾਰਟੀਆਂ ਦੇ ਆਗੂ ਵੀ ਸ਼ਾਮਲ ਹੋਏ। ਓਥੇ ਬੁਲਾਰਿਆਂ ਨੇ ਵਾਰ-ਵਾਰ ਪ੍ਰੇਮੀਆਂ ਨੂੰ ਡੇਰੇ ਦੀਆਂ ਫੈਕਟਰੀਆਂ ਦੀਆਂ ਬਣੀਆਂ ਚੀਜ਼ਾਂ ਵਰਤਣ ਦੀ ਅਪੀਲ ਵੀ ਕੀਤੀ। ਇਸ ਮੌਕੇ ਸਿਰਸਾ ਤੋਂ ਲੋਕ ਸਭਾ ਲਈ ਕਾਂਗਰਸੀ ਉਮੀਦਵਾਰ ਅਸ਼ੋਕ ਤੰਵਰ ਦੀ ਪਤਨੀ ਅਵਿੰਤਕਾ ਤੰਵਰ ਵੀ ਪਹੁੰਚੀ ਦੱਸੀ ਗਈ ਹੈ।

## ਕਰਤਾਰਪੁਰ ਸਾਹਿਬ ਕਾਰੀਡੋਰ ਹਾਈਵੇ ਨੂੰ ਹਰੀ ਝੰਡੀ ਮਿਲੀ

ਚੰਡੀਗੜ੍ਹ, 22 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਵਿਚਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਨਾਲ ਕਾਰੀਡੋਰ ਰਾਹੀਂ ਜੁੜਨ ਵਾਲੇ ਹਾਈਵੇ ਨੂੰ ਵਾਤਾਵਰਣ ਮੰਤਰਾਲਾ ਨੇ ਗ੍ਰੀਨ ਸਿਗਨਲ ਦੇ ਦਿੱਤਾ ਹੈ। ਇਹ ਹਾਈਵੇ ਪਿੰਡ ਚੰਦੂ ਨੰਗਲ ਦੇ ਕੋਲੋਂ ਬਣਨ ਵਾਲੇ ਨੈਸ਼ਨਲ ਹਾਈਵੇ 354 ਤੋਂ ਸ਼ੁਰੂ ਹੋਵੇਗਾ, ਜੋ ਅੱਗੇ ਡੇਰਾ ਬਾਬਾ ਨਾਨਕ ਸ਼ਹਿਰ ਕੋਲੋਂ ਗੁਜ਼ਰਦਿਆਂ ਪਾਕਿਸਤਾਨ ਬਾਰਡਰ ਤੱਕ ਜਾਵੇਗਾ। ਇਸ ਲਈ ਨੈਸ਼ਨਲ ਹਾਈਵੇ ਅਥਾਰਟੀ ਨੇ ਵਾਤਾਵਰਣ ਮੰਤਰਾਲਾ ਤੋਂ 1.78 ਹੈਕਟੇਅਰ ਜੰਗਲਾਤ ਵਿਭਾਗ ਦੀ ਜ਼ਮੀਨ ਦੀ ਮੰਗ ਕੀਤੀ ਸੀ, ਜਿਸ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਹਾਈਵੇ ਦੇ ਬਣਨ ਉੱਤੇ ਤਕਰੀਬਨ 120 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਮੁਤਾਬਕ ਅੰਮ੍ਰਿਤਸਰ ਅਤੇ ਗੁਰਦਾਸਪੁਰ ਨੂੰ ਜੋੜਨ ਵਾਲੇ ਨੈਸ਼ਨਲ ਹਾਈਵੇ 354 ਨਾਲ ਲਿੰਕ ਕੀਤੇ ਜਾਣ ਵਾਲੇ ਕਰਤਾਰਪੁਰ ਸਾਹਿਬ ਕਾਰੀਡੋਰ ਹਾਈਵੇ ਦੀ ਭਾਰਤ-ਪਾਕਿਸਤਾਨ ਬਾਰਡਰ ਤੱਕ ਕੁੱਲ ਲੰਬਾਈ ਕਰੀਬ 3.59 ਕਿਲੋਮੀਟਰ ਦੇ ਕਰੀਬ ਹੋਵੇਗੀ। ਇਹ ਹਾਈਵੇ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਨਾਲ ਵੀ ਜੁੜਿਆ ਹੋਵੇਗਾ ਤਾਂ ਕਿ ਗੁਰਦੁਆਰਾ ਸਾਹਿਬ ਆਉਣ ਵਾਲੀ ਸੰਗਤ ਹਾਈਵੇ ਰਾਹੀਂ ਕਾਰੀਡੋਰ ਤੱਕ ਸੌਖੀ ਤਰ੍ਹਾਂ ਪੁੱਜ ਸਕੇ। ਇਸ ਪ੍ਰੋਜੈਕਟ ਨਾਲ ਜੁੜੇ ਮਾਹਰਾਂ ਮੁਤਾਬਕ ਭਾਰਤ ਵੱਲੋਂ ਜ਼ੀਰੋ ਲਾਈਨ ਤੱਕ ਸੜਕ ਉਸਾਰੀ ਦਾ ਕੰਮ ਛੇਤੀ ਮੁਕੰਮਲ ਕੀਤਾ ਜਾਵੇਗਾ, ਪਰ ਪਾਕਿਸਤਾਨ ਬਾਰਡਰ ਦੇ ਪਾਰ ਰਾਵੀ ਦਰਿਆ ਉਤੇ ਪੁਲ ਬਣਨ ਬਾਰੇ ਅਜੇ ਪੂਰੀ ਤਰ੍ਹਾਂ ਤਸਵੀਰ ਸਾਫ ਨਹੀਂ ਹੋ ਸਕੀ। ਇਸ ਬਾਰੇ ਦੋਵਾਂ ਦੇਸ਼ਾਂ ਦੇ ਉਚ ਅਧਿਕਾਰੀਆਂ ਦੇ ਪੱਧਰ ਉਤੇ ਬੈਠਕਾਂ ਦਾ ਦੌਰ ਜਾਰੀ ਹੈ। ਪਿਛਲੇ ਦਿਨੀਂ ਹੋਈ ਬੈਠਕ ਵਿੱਚ ਭਾਰਤ ਸਰਕਾਰ ਨੇ ਪਾਕਿਸਤਾਨ ਨੂੰ ਹਾਈਵੇ ਦਾ ਮੁਕੰਮਲ ਬਿਓਰਾ ਦੇ ਦਿੱਤਾ ਸੀ। ਇਸ ਬਾਰੇ ਰਾਵੀ 'ਤੇ ਕਰਤਾਰਪੁਰ ਗਲਿਆਰੇ ਬਾਰੇ ਅਜੇ ਗੱਲਬਾਤ ਜਾਰੀ ਹੈ।



## ਦੋ ਲੱਖ ਰੁਪਏ ਰਿਸ਼ਵਤ ਲੈਂਦਾ ਏ ਈ ਟੀ ਸੀ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ

### *ਚਾਰਟਰਡ ਅਕਾਊਂਟੈਂਟ ਵੀ ਨਾਲ ਵੀ ਫੜਿਆ ਗਿਆ

ਟਾਂਡਾ ਉੜਮੁੜ, 22 ਅਪ੍ਰੈਲ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਦੀ ਹੁਸ਼ਿਆਰਪੁਰ ਟੀਮ ਨੇ ਟਾਂਡਾ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰਨੀ ਦੇ ਮੈਂਬਰ ਜਥੇਦਾਰ ਤਾਰਾ ਸਿੰਘ ਸੱਲ੍ਹਾਂ ਦੇ ਵ੍ਹਾਈਟ ਹਾਊਸ ਪੈਲਸ ਵਿੱਚ ਦੋ ਲੱਖ ਰੁਪਏ ਦੀ ਰਿਸ਼ਵਤ ਲੈਂਦੇ ਐਕਸਾਈਜ਼ ਐਂਡ ਟੈਕਸੇਸ਼ਨ ਦੇ ਫਲਾਇੰਗ ਵਿੰਗ ਦੇ ਏ ਈ ਟੀ ਸੀ-ਕਮ-ਅਸਿਸਟੈਂਟ ਕਮਿਸ਼ਨਰ ਸੇਲਜ਼ ਟੈਕਸ (ਜੀ ਐਸ ਟੀ) ਹਰਮੀਤ ਸਿੰਘ ਨੂੰ ਰੰਗੇ ਹੱਥੀਂ ਫੜਿਆ ਹੈ। ਡੀ ਐਸ ਪੀ ਹੁਸ਼ਿਆਰਪੁਰ ਦਲਬੀਰ ਸਿੰਘ ਹੋਠੀ ਦੀ ਅਗਵਾਈ ਵਿੱਚ ਵਿਜੀਲੈਂਸ ਦੀ ਇਸ ਕਾਰਵਾਈ ਮੌਕੇ ਈ ਟੀ ਓ ਦੇ ਇਸ ਜਾਲ 'ਚ ਮਦਦ ਕਰਨ ਵਾਲਾ ਸਥਾਨਕ ਸੀ ਏ ਰਮਨ ਸੋਂਧੀ (ਵਾਸੀ ਅਹੀਆਪੁਰ) ਵੀ ਫੜਿਆ ਗਿਆ ਹੈ।

ਪਤਾ ਲੱਗਾ ਹੈ ਕਿ ਟਾਂਡਾ-ਸ੍ਰੀ ਹਰਿਗੋਬਿੰਦਪੁਰ ਰੋਡ ਉੱਤੇ ਪਿੰਡ ਗਿੱਲ ਨੇੜੇ ਜਥੇਦਾਰ ਤਾਰਾ ਸਿੰਘ ਸੱਲ੍ਹਾਂ ਦੇ ਵ੍ਹਾਈਟ ਹਾਊਸ ਪੈਲਸ ਵਿੱਚ ਇਹ ਅਧਿਕਾਰੀ ਹਰਮੀਤ ਸਿੰਘ ਓਥੋਂ ਦੇ ਪ੍ਰਬੰਧਕਾਂ ਨੂੰ ਜੀ ਐਸ ਟੀ ਟੈਕਸ ਦਾ ਡਰਾਵਾ ਦੇ ਕੇ ਤੰਗ ਕਰ ਰਿਹਾ ਸੀ ਤੇ ਇਸ ਵਿੱਚ ਟਾਂਡਾ ਪੈਲਸ ਲਈ ਸੇਵਾਵਾਂ ਦੇਣ ਵਾਲਾ ਸਥਾਨਕ ਚਾਰਟਰਡ ਅਕਾਊਂਟੈਂਟ (ਸੀ ਏ) ਰਮਨ ਸੋਂਧੀ ਉਸ ਦੀ ਮਦਦ ਕਰ ਰਿਹਾ ਸੀ। ਇਹ ਸਿਲਸਿਲਾ ਇਸ ਸਾਲ ਫਰਵਰੀ ਵਿੱਚ ਸ਼ੁਰੂ ਹੋਇਆ ਸੀ ਜਦੋਂ 11 ਮਹੀਨੇ ਦੇ ਰਹਿੰਦੇ ਜੀ ਐਸ ਟੀ ਟੈਕਸ ਬਕਾਏ ਬਾਰੇ ਰੇਡ ਕਰ ਕੇ ਹਰਮੀਤ ਸਿੰਘ ਇਸ ਪੈਲਸ ਵਿੱਚੋਂ ਦਸਤਾਵੇਜ਼ ਜਬਰੀ ਚੁੱਕ ਕੇ ਲੈ ਗਿਆ ਸੀ ਤੇ ਉਸ ਨੇ ਪ੍ਰਬੰਧਕਾਂ ਨੂੰ ਡਰਾ ਕੇ ਸੱਤ ਲੱਖ ਰੁਪਏ ਦੀ ਰਿਸ਼ਵਤ ਮੰਗੀ ਤੇ ਸੀ ਏ ਸੋਂਧੀ ਦੀ ਮਦਦ ਨਾਲ ਪਿਛਲੇ 10 ਦਿਨਾਂ ਵਿੱਚ ਤਿੰਨ ਲੱਖ ਰੁਪਏ ਲੈ ਜਾਣ ਤੋਂ ਬਾਅਦ ਦੋ ਲੱਖ ਰੁਪਏ ਹੋਰ ਦੀ ਮੰਗ ਕਰ ਰਿਹਾ ਸੀ। ਇਸ ਅਧਿਕਾਰੀ ਤੋਂ ਤੰਗ ਆ ਕੇ ਤਾਰਾ ਸਿੰਘ ਸੱਲ੍ਹਾਂ ਨੇ ਇਸ ਦੀ ਸ਼ਿਕਾਇਤ ਵਿਜੀਲੈਂਸ ਨੂੰ ਕੀਤੀ ਤਾਂ ਡੀ ਐਸ ਪੀ ਵਿਜੀਲੈਂਸ ਹੁਸ਼ਿਆਰਪੁਰ ਦਲਬੀਰ ਸਿੰਘ ਹੋਠੀ ਦੀ ਅਗਵਾਈ ਵਾਲੀ ਟੀਮ ਨੇ ਕੱਲ੍ਹ ਸਵੇਰ ਤੋਂ ਪੈਲਸ ਵਿੱਚ ਟਰੈਪ ਲਾ ਲਿਆ ਸੀ। ਦੱਸੇ ਸਮੇਂ ਮੁਤਾਬਕ ਏ ਈ ਟੀ ਸੀ ਹਰਮੀਤ ਸਿੰਘ ਅਤੇ ਸੀ ਏ ਸੋਂਧੀ ਦੁਪਹਿਰ ਦੋ ਵਜੇ ਪੈਲਸ ਆਏ ਤੇ ਜਦੋਂ ਅਧਿਕਾਰੀ ਨੇ ਦੋ ਲੱਖ ਰੁਪਏ ਦੀ ਰਿਸ਼ਵਤ ਫੜ ਕੇ ਅੱਗੋਂ ਸੀ ਏ ਨੂੰ ਫੜਾਈ ਤਾਂ ਵਿਜੀਲੈਂਸ ਟੀਮ ਨੇ ਦੋਵਾਂ ਨੂੰ ਰੰਗੇ ਹੱਥੀਂ ਫੜ ਲਿਆ।

## ਭੁੱਚੋ ਕਲਾਂ ਵਿੱਚ ਅੱਧੀ ਰਾਤ ਨੂੰ ਨੌਜਵਾਨ ਦਾ ਕਤਲ

ਭੁੱਚੋ ਮੰਡੀ, 22 ਅਪ੍ਰੈਲ (ਪੋਸਟ ਬਿਊਰੋ)- ਪਿੰਡ ਭੁੱਚੋ ਕਲਾਂ ਵਿੱਚ ਕੱਲ੍ਹ ਰਾਤ ਕੁਝ ਨੌਜਵਾਨਾਂ ਨੇ ਮਨਦੀਪ ਸਿੰਘ (27) ਦਾ ਉਸ ਦੇ ਘਰ ਵਿੱਚ ਵੜ ਕੇ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਆਪਣਾ ਸਿਰ ਬਚਾਉਣ ਦੀ ਕੋਸ਼ਿਸ਼ ਵਿੱਚ ਮਨਦੀਪ ਸਿੰਘ ਦੀਆਂ ਦੋਵੇਂ ਬਾਹਾਂ ਬੁਰੀ ਤਰ੍ਹਾਂ ਵੱਢੀਆਂ ਗਈਆਂ ਅਤੇ ਸਰੀਰ ਉਤੇ ਗਹਿਰੇ ਜ਼ਖਮ ਬਣ ਗਏ ਸਨ। ਘਟਨਾ ਮੌਕੇ ਘਰ ਵਿੱਚ ਉਸ ਦੀ ਮਾਤਾ, ਪਤਨੀ ਅਤੇ ਬੱਚੇ ਮੌਜੂਦ ਸਨ।

ਥਾਣਾ ਕੈਂਟ ਦੀ ਐੱਸ ਐੱਚ ਓ ਪਰਮਿੰਦਰਜੀਤ ਕੌਰ ਦੀ ਅਗਵਾਈ ਹੇਠ ਪੁਲਸ ਘਟਨਾ ਸਥਾਨ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਕੀਤੀ। ਪੁਲਸ ਮੁਤਾਬਕ ਗੁਆਂਢੀ ਗੁਰਦੀਪ ਸਿੰਘ ਉਰਫ ਪੋਪੀ ਚਾਰ-ਪੰਜ ਹੋਰ ਨੌਜਵਾਨਾਂ ਨਾਲ ਮਨਦੀਪ ਸਿੰਘ ਦੇ ਘਰ ਆਇਆ ਅਤੇ ਕਿਸੇ ਗੱਲ ਤੋਂ ਹੋਏ ਝਗੜੇ ਪਿੱਛੋਂ ਉਨ੍ਹਾਂ ਨੇ ਮਨਦੀਪ ਸਿੰਘ 'ਤੇ ਤੇਜ਼ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਪਿੰਡ ਵਾਸੀਆਂ ਨੇ ਉਸ ਨੂੰ ਜ਼ਖਮੀ ਹਾਲਤ ਵਿੱਚ ਆਦੇਸ਼ ਹਸਪਤਾਲ ਦਾਖਲ ਕਰਾਇਆ, ਜਿੱਥੇ ਉਸ ਦੀ ਮੌਤ ਹੋ ਗਈ। ਪੁਲਸ ਨੇ ਮ੍ਰਿਤਕ ਦੀ ਮਾਂ ਦੇ ਬਿਆਨਾਂ 'ਤੇ ਗੁਰਦੀਪ ਸਿੰਘ ਉਰਫ ਪੋਪੀ ਸਮੇਤ ਚਾਰ ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰ ਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਪਤੀ ਛੱਡ ਕੇ ਲਿਵ ਇਨ ਰਿਲੇਸ਼ਨ ਵਿੱਚ ਰਹਿੰਦੀ ਮਹਿਲਾ ਨੂੰ ਕੋਰਟ ਤੋਂ ਸੁਰੱਖਿਆ ਮੰਗੀ ਮਹਿੰਗੀ ਪਈ



ਚੰਡੀਗੜ੍ਹ, 22 ਅਪ੍ਰੈਲ (ਪੋਸਟ ਬਿਊਰੋ)- ਇੱਕ ਵਿਆਹੁਤਾ ਮਹਿਲਾ ਆਪਣੇ ਪਤੀ ਨੂੰ ਛੱਡ ਕੇ ਕਿਸੇ ਹੋਰ ਨਾਲ ਲਿਵ ਇਨ ਰਿਲੇਸ਼ਨ ਵਿੱਚ ਰਹਿ ਰਹੀ ਸੀ। ਉਸ ਨੇ ਆਪਣੀ ਸੁਰੱਖਿਆ ਦੀ ਮੰਗ ਲਈ ਹਾਈ ਕੋਰਟ ਵਿੱਚ ਅਰਜ਼ੀ ਦਿੱਤੀ ਤਾਂ ਮਹਿੰਗੀ ਪੈ ਗਈ ਹੈ। ਕੋਰਟ ਨੇ ਨਾ ਸਿਰਫ ਸੁਰੱਖਿਆ ਦੀ ਮੰਗ ਵਾਲੀ ਪਟੀਸ਼ਨ ਰੱਦ ਕਰ ਦਿੱਤੀ, ਸਗੋਂ ਜਿਸ ਆਦਮੀ ਨਾਲ ਉਹ ਮਹਿਲਾ ਲਿਵ ਇਨ ਰਿਲੇਸ਼ਨ ਵਿੱਚ ਰਹਿੰਦੀ ਸੀ, ਉਸ 'ਤੇ 10000 ਰੁਪਏ ਜੁਰਮਾਨਾ ਵੀ ਲਾ ਦਿੱਤਾ ਹੈ।

ਜਸਟਿਸ ਰਾਜਸ਼ੇਖਰ ਅੱਤਰੀ ਨੇ ਇਹ ਹੁਕਮ ਮੋਹਾਲੀ ਦੀ ਇੱਕ ਮਹਿਲਾ ਵੱਲੋਂ ਆਪਣੀ ਸੁਰੱਖਿਆ ਦੀ ਮੰਗ ਵਾਸਤੇ ਦਿੱਤੀ ਅਰਜ਼ੀ ਨੂੰ ਰੱਦ ਕਰ ਕੇ ਦਿੱਤੇ ਹਨ। ਮਹਿਲਾ ਨੇ ਹਾਈ ਕੋਰਟ ਨੂੰ ਅਰਜ਼ੀ ਦੇ ਕੇ ਆਪਣੀ ਸੁਰੱਖਿਆ ਦੀ ਮੰਗ ਕੀਤੀ ਸੀ। ਜਿਸ ਆਦਮੀ ਨਾਲ ਮਹਿਲਾ ਲਿਵ ਇਨ ਰਿਲੇਸ਼ਨ ਵਿੱਚ ਰਹਿ ਰਹੀ ਸੀ, ਉਹ ਵੀ ਅਰਜ਼ੀ ਕਰਤਾ ਸੀ ਤੇ ਉਸ ਨੇ ਵੀ ਸੁਰੱਖਿਆ ਦੀ ਮੰਗ ਕੀਤੀ ਸੀ। ਲਿਵ ਇਨ ਰਿਲੇਸ਼ਨ ਵਿੱਚ ਰਹਿੰਦੀ ਮਹਿਲਾ ਪਹਿਲਾਂ ਸ਼ਾਦੀਸ਼ੁਦਾ ਸੀ ਅਤੇ ਉਸ ਨੇ ਅਰਜ਼ੀ ਵਿੱਚ ਆਪਣੇ ਪਤੀ ਦਾ ਜ਼ਿਕਰ ਤੱਕ ਨਹੀਂ ਕੀਤਾ ਸੀ। ਉਸ ਨੇ ਅਰਜ਼ੀ ਵਿੱਚ ਜਿਨ੍ਹਾਂ ਲੋਕਾਂ ਤੋਂ ਖੁਦ ਨੂੰ ਖਤਰਾ ਦੱਸਿਆ ਸੀ, ਉਨ੍ਹਾਂ ਵਿੱਚ ਆਪਣੇ ਪਤੀ ਦਾ ਨਾਂਅ ਵੀ ਸ਼ਾਮਲ ਕੀਤਾ ਸੀ। ਸੁਣਵਾਈ ਦੌਰਾਨ ਇਸ ਦਾ ਭੇਦ ਖੁੱਲ੍ਹਾ ਅਤੇ ਮਹਿਲਾ ਨੇ ਮੰਨ ਲਿਆ ਕਿ ਉਹ ਅੱਜ ਕੱਲ੍ਹ ਕਿਸੇ ਹੋਰ ਆਦਮੀ ਨਾਲ ਲਿਵ ਇਨ ਰਿਲੇਸ਼ਨ ਵਿੱਚ ਰਹਿ ਰਹੀ ਹੈ। ਹਾਈ ਕੋਰਟ ਨੇ ਇਸ 'ਤੇ ਸਖਤੀ ਕਰਦੇ ਹੋਏ ਕਿਹਾ ਕਿ ਇਹ ਸਿੱਧੇ ਤੌਰ 'ਤੇ ਨਿਆਂ ਪ੍ਰਕਿਰਿਆ ਦਾ ਉਲੰਘਣ ਹੈ। ਹਾਈ ਕੋਰਟ ਨੇ ਸੁਰੱਖਿਆ ਦੀ ਮੰਗ ਵਾਲੀ ਅਰਜ਼ੀ ਨਾ ਸਿਰਫ ਸਿਰੇ ਤੋਂ ਰੱਦ ਕਰ ਦਿੱਤੀ, ਸਗੋਂ ਮਹਿਲਾ ਜਿਸ ਆਦਮੀ ਨਾਲ ਲਿਵ ਇਨ ਰਿਲੇਸ਼ਨ ਵਿੱਚ ਰਹਿੰਦੀ ਹੈ, ਉਸ ਉੱਤੇ 10000 ਰੁਪਏ ਜੁਰਮਾਨਾ ਵੀ ਲਾ ਦਿੱਤਾ। ਹਾਈ ਕੋਰਟ ਨੇ ਹੁਕਮ ਦਿੱਤਾ ਕਿ ਜੁਰਮਾਨੇ ਦੀ ਰਾਸ਼ੀ ਪੰਜਾਬ ਦੀ ਲੀਗਲ ਸਰਵਿਸ ਅਥਾਰਟੀ ਕੋਲ ਜਮ੍ਹਾ ਕਰਵਾਈ ਜਾਏ। ਜੇ ਇਹ ਰਕਮ ਜਮ੍ਹਾ ਨਾ ਕਰਵਾਈ ਗਈ ਤਾਂ ਮੋਹਾਲੀ ਦੇ ਐੱਸ ਐੱਸ ਪੀ ਨੂੰ ਹੁਕਮ ਹਨ ਕਿ ਉਹ ਇਸ ਆਦਮੀ ਦੀ ਤਨਖਾਹ ਵਿੱਚੋਂ ਇਸ ਰਾਸ਼ੀ ਦੀ ਭਰਪਾਈ ਕਰੇ।

## ਰਿਵਾਲਵਰ ਸਾਫ ਕਰਦਿਆਂ ਗੋਲੀ ਚੱਲਣ ਨਾਲ ਥਾਣੇਦਾਰ ਦੀ ਮੌਤ



ਪਟਿਆਲਾ, 22 ਅਪ੍ਰੈਲ (ਪੋਸਟ ਬਿਊਰੋ)- ਸਰਹਿੰਦ ਰੋਡ 'ਤੇ ਰਣਜੀਤ ਵਿਹਾਰ ਇਲਾਕੇ ਦੇ ਵਾਸੀ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਦੀ ਆਪਣੇ ਘਰ ਰਿਵਾਲਵਰ ਸਾਫ ਕਰਦਿਆਂ ਗੋਲੀ ਲੱਗਣ ਕਰ ਕੇ ਮੌਤ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਥਾਣਾ ਅਨਾਜ ਮੰਡੀ ਦੀ ਮੁਖੀ ਸੁਖਵਿੰਦਰ ਕੌਰ ਨੇ ਦੱਸਿਆ ਕਿ ਦੇਰ ਰਾਤ ਬਲਵਿੰਦਰ ਸਿੰਘ ਦੀ ਘਰ ਵਿੱਚ ਆਪਣੇ ਸਰਵਿਸ ਰਿਵਾਲਵਰ ਦੇ ਨਾਲ ਗੋਲੀ ਲੱਗਣ ਕਰ ਕੇ ਮੌਤ ਹੋ ਗਈ ਹੈ। ਪਰਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਹ ਆਪਣਾ ਰਿਵਾਲਵਰ ਸਾਫ ਕਰ ਰਿਹਾ ਸੀ ਕਿ ਉਸੇ ਦੌਰਾਨ ਗੋਲੀ ਚੱਲਣ ਕਰ ਕੇ ਗੋਲੀ ਉਸ ਦੇ ਲੱਗ ਗਈ ਹੈ। ਵਰਨਣ ਯੋਗ ਹੈ ਕਿ ਥਾਣੇਦਾਰ ਬਲਵਿੰਦਰ ਸਿੰਘ ਪਟਿਆਲਾ ਦੇ ਸੀ ਆਈ ਡੀ ਦੇ ਜ਼ੋਨਲ ਦਫਤਰ ਵਿਖੇ ਤੈਨਾਤ ਸੀ। ਇਸ ਬਾਰੇ ਥਾਣਾ ਅਨਾਜ ਮੰਡੀ ਦੀ ਮੁਖੀ ਸੁਖਵਿੰਦਰ ਕੌਰ ਨੇ ਦੱਸਿਆ ਕਿ ਪਰਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਕਾਨੂੰਨ ਦੇ ਮੁਤਾਬਕ ਕਾਰਵਾਈ ਕੀਤੀ ਗਈ ਹੈ।

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

## ਟੌਹੜਾ ਪਰਿਵਾਰ ਇੱਕ ਵਾਰ ਫਿਰ ਅਕਾਲੀ ਦਲ ਵਿੱਚ ਸ਼ਾਮਲ

ਪਟਿਆਲਾ, 22 ਅਪ੍ਰੈਲ (ਪੋਸਟ ਬਿਊਰੋ)- ਮਰਹੂਮ ਅਕਾਲੀ ਆਗੂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਪਰਵਾਰ ਕੱਲ੍ਹ ਫਿਰ ਅਕਾਲੀ ਦਲ ਵਿੱਚ ਸ਼ਾਮਲ ਹੋ ਗਿਆ ਹੈ। ਇਸ ਪਰਵਾਰ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਲਈ ਉਨ੍ਹਾਂ ਦੇ ਘਰ ਆਏ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਲਈ ਅੱਜ ਸਭ ਤੋਂ ਵੱਧ ਖੁਸ਼ੀ ਦਾ ਦਿਨ ਹੈ। ਉਨ੍ਹਾਂ ਦੱਸਿਆ ਕਿ ਇਹ ਵੱਡੇ ਬਾਦਲ ਸਾਹਿਬ ਦਾ ਸੁਫਨਾ ਸੀ, ਜਿਹੜਾ ਅੱਜ ਪੂਰਾ ਹੋ ਗਿਆ ਹੈ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਦਾ ਨਾਂਅ ਆਉਂਦੇ ਸਾਰ ਬਾਦਲ-ਟੌਹੜਾ ਜੋੜੀ ਦਾ ਨਾਂਅ ਵੀ ਬੋਲਦਾ ਹੈ। ਟੌਹੜਾ ਪਰਵਾਰ ਦੀ ਅਕਾਲੀ ਦਲ ਨੂੰ ਦਿੱਤੀ ਦੇਣ ਕਦੇ ਭੁਲਾਈ ਨਹੀਂ ਜਾ ਸਕਦੀ। ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ ਦੀ ਰਿਹਾਇਸ਼ ਵਿਖੇ ਪੁੱਜ ਕੇ ਉਨ੍ਹਾਂ ਤੇ ਟੌਹੜਾ ਪਰਵਾਰ ਨਾਲ ਅੱਧਾ ਘੰਟਾ ਬੰਦ ਕਮਰਾ ਮੀਟਿੰਗ ਕੀਤੀ ਅਤੇ ਫਿਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਜਵਾਈ ਹਰਮੇਲ ਸਿੰਘ ਟੌਹੜਾ, ਉਨ੍ਹਾਂ ਦੀ ਸਪੁੱਤਰੀ ਕੁਲਦੀਪ ਕੌਰ ਟੌਹੜਾ ਨੇ ਸਮਰਥਕਾਂ ਸਮੇਤ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਹਰਮੇਲ ਸਿੰਘ ਟੌਹੜਾ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਹੋਣਗੇ।

www.AREA REALTOR.com
Multi Award Winner Realtor
CENTURY 21 PRESIDENT
KAMAL SANDHU
Sales Representative
647.891.0143
905.488.2100 ext. 407

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344



# ਭਾਰਤ ਦੇ ਮੁੱਖ ਜੱਜ ਨੇ ਆਪਣੇ ਉੱਤੇ ਸੈਕਸ ਸ਼ੋਸ਼ਣ ਦੇ ਦੋਸ਼ ਲੱਗਣ ਨੂੰ ਸਾਜ਼ਿਸ਼ ਕਿਹਾ

ਨਵੀਂ ਦਿੱਲੀ, 22 ਅਪਰੈਲ, (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ ਨੇ ਆਪਣੇ ਉੱਤੇ ਲਾਏ ਗਏ ਸੈਕਸ ਸ਼ੋਸ਼ਣ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਆਧਾਰਹੀਣ ਕਰਾਰ ਦੇਂਦੇ ਹੋਏ ਕਿਹਾ ਕਿ ਨਿਆਂ ਪਾਲਿਕਾ ਦੀ ਆਜ਼ਾਦੀ ਖ਼ਤਰੇ ਵਿੱਚ ਹੈ। ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਵਿਚ ਚੀਫ ਜਸਟਿਸ ਦੀ ਇਕ ਸਾਬਕਾ ਅਸਿਸਟੈਂਟ ਨੇ ਸੈਕਸ ਸ਼ੋਸ਼ਣ ਦਾ ਦੋਸ਼ ਲਾਏ ਹਨ, ਜਿਸ ਦੇ ਬਾਅਦ ਅੱਜ ਇਸ ਬਾਰੇ ਆਨਲਾਈਨ ਮੀਡੀਆ ਦੀਆਂ ਖ਼ਬਰਾਂ ਦੇ ਕੇਸ ਦੀ ਸੁਣਵਾਈ ਹੋਈ ਹੈ। ਇਸ ਦੌਰਾਨ ਚੀਫ ਜਸਟਿਸ ਨੇ ਕਿਹਾ ਕਿ 'ਨਿਆਂ ਪਾਲਿਕਾ ਦੀ ਆਜ਼ਾਦੀ ਉੱਤੇ ਗੰਭੀਰ ਖ਼ਤਰਾ ਹੈ ਅਤੇ ਇਸ ਨੂੰ ਅਸਥਿਰ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਦੋਸ਼ ਲਾਉਣ ਵਾਲੀ ਔਰਤ ਪਿੱਛੇ ਕੁਝ ਵੱਡੀਆਂ ਤਾਕਤਾਂ ਹਨ।'



ਚੀਫ ਜਸਟਿਸ ਨੇ ਕਿਹਾ ਕਿ 'ਮੈਂ ਇਨ੍ਹਾਂ ਦੋਸ਼ਾਂ ਤੋਂ ਬੇਹੱਦ ਦੁਖੀ ਹਾਂ। 4 ਮੀਡੀਆ ਹਾਊਸਿਜ਼ ਨੇ ਇਹ ਖ਼ਬਰ ਬੇਹੱਦ ਵਿਸਥਾਰ ਨਾਲ ਲਿਖੀ ਹੈ ਤੇ ਮੈਨੂੰ ਉਨ੍ਹਾਂ ਤੋਂ ਜਾਣਕਾਰੀ ਮਿਲੀ ਹੈ। ਅਦਾਲਤ ਇਸ ਬਾਰੇ ਕੋਈ ਹੁਕਮ ਨਹੀਂ ਦੇ ਰਹੀ ਅਤੇ ਮੀਡੀਆ ਨੂੰ ਕਹਿੰਦੀ ਹੈ ਕਿ ਇਸ ਤੋਂ ਦੂਰੀ ਰੱਖੋ, ਤਾਂ ਜੋ ਨਿਆਂ ਪਾਲਿਕਾ ਦੀ ਆਜ਼ਾਦੀ ਦੀ ਰਾਖੀ ਹੋਵੇ।' ਜਸਟਿਸ ਗੋਗੋਈ ਨੇ ਸੁਣਵਾਈ ਮੌਕੇ ਕਿਹਾ, 'ਮੈਂ ਇਨ੍ਹਾਂ ਦੋਸ਼ਾਂ ਦਾ ਜਵਾਬ ਨਹੀਂ ਦੇਣਾ ਚਾਹੁੰਦਾ। ਕੀ ਚੀਫ਼ ਜਸਟਿਸ ਦੀ 20 ਸਾਲਾਂ ਦੀ ਸੇਵਾ ਦਾ ਇਹ ਇਨਾਮ ਹੈ? 20 ਸਾਲਾਂ ਦੀ ਸੇਵਾ ਪਿੱਛੋਂ ਮੇਰੇ ਖ਼ਾਤੇ ਵਿੱਚ ਸਿਰਫ਼ 6,80,000 ਰੁਪਏ ਹਨ, ਕੋਈ ਵੀ ਮੇਰਾ ਖ਼ਾਤਾ ਚੈੱਕ ਕਰ ਸਕਦਾ ਹੈ।' ਜਸਟਿਸ ਰੰਜਨ ਗੋਗੋਈ ਨੇ ਕਿਹਾ, 'ਮੇਰੇ ਚਪੜਾਸੀ ਕੋਲ ਮੈਥੋਂ ਵੱਧ ਪੈਸੇ ਹਨ। ਅਦਾਲਤ ਨੂੰ ਬਲੀ ਦਾ ਬੱਕਰਾ ਨਹੀਂ ਬਣਾਇਆ ਜਾ ਸਕਦਾ। ਕੁਝ ਲੋਕ ਚੀਫ ਜਸਟਿਸ ਦਾ ਦਫ਼ਤਰ ਨਸ਼ਟ ਕਰਨਾ ਚਾਹੁੰਦੇ ਹਨ। ਲੋਕ ਪੈਸੇ ਦੇ ਮਾਮਲੇ ਵਿੱਚ ਮੇਰੇ ਉੱਤੇ ਉਂਗਲ ਨਹੀਂ ਚੁੱਕ ਸਕਦੇ ਤਾਂ ਇਸ ਲਈ ਇਸ ਤਰ੍ਹਾਂ ਦਾ ਦੋਸ਼ ਲਾਇਆ ਗਿਆ ਹੈ।' ਜਸਟਿਸ ਰੰਜਨ ਗੋਗੋਈ ਨੇ ਕਿਹਾ, 'ਮੈਂ ਦੇਸ਼ ਦੇ ਲੋਕਾਂ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਮਹੱਤਵ ਪੂਰਨ ਕੇਸਾਂ ਦੀ ਸੁਣਵਾਈ ਕਰਾਂਗਾ। ਜਿਨ੍ਹਾਂ ਨੇ ਮੇਰੇ ਉੱਤੇ ਦੋਸ਼ ਲਾਏ ਹਨ, ਉਹ ਜੇਲ ਵਿੱਚ ਸਨ ਤੇ ਇਸ ਵੇਲੇ ਬਾਹਰ ਹਨ। ਇਸ ਦੇ ਪਿੱਛੇ ਕੋਈ ਇਕ ਵਿਅਕਤੀ ਨਹੀਂ, ਕਈ ਲੋਕਾਂ ਦਾ ਹੱਥ ਹੈ। ਦੋਸ਼ ਲਾਉਣ ਵਾਲੀ ਔਰਤ ਚਾਰ ਦਿਨ ਜੇਲ ਵਿੱਚ ਸੀ। ਉਸ ਔਰਤ ਨੇ ਕਿਸੇ ਵਿਅਕਤੀ ਨੂੰ ਸੁਪਰੀਮ ਕੋਰਟ ਵਿੱਚ ਨੌਕਰੀ ਦਿਵਾਉਣ ਲਈ ਧੋਖਾ ਦਿੱਤਾ ਸੀ ਤੇ ਪੈਸੇ ਲਏ ਸਨ।'

ਵਰਨਣ ਯੋਗ ਹੈ ਕਿ ਜਸਟਿਸ ਰੰਜਨ ਗੋਗੋਈ ਨੇ ਅਗਲੇ ਹਫ਼ਤੇ ਹੀ ਰਾਹੁਲ ਗਾਂਧੀ ਵਿਰੁੱਧ ਮਾਣਹਾਨੀ ਪਟੀਸ਼ਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬਾਈਓਪਿਕ ਨੂੰ ਰੀਲੀਜ਼ ਬਾਰੇ ਕੇਸ ਅਤੇ ਤਾਮਿਲਨਾਡੂ ਵਿੱਚ ਵੋਟਰਾਂ ਨੂੰ ਰਿਸ਼ਵਤ ਦੇਣ ਦੇ ਦੋਸ਼ਾਂ ਕਾਰਨ ਓਥੇ ਚੋਣਾਂ ਰੱਦ ਕਰਨ ਦੀ ਮੰਗ ਵਾਲੀਆਂ ਪਟੀਸ਼ਨਾਂ ਦੀ ਸੁਣਵਾਈ ਕਰਨੀ ਹੈ।

# ਤਾਮਿਲਨਾਡੂ ਦੇ ਮੰਦਰ ਵਿੱਚ ਧਾਰਮਿਕ ਪ੍ਰੋਗਰਾਮ ਵੇਲੇ ਭਾਜੜ ਮੱਚੀ, ਸੱਤ ਮੌਤਾਂ

ਤਿਰੂਚਿਰਾਪੱਲੀ, 22 ਅਪਰੈਲ, (ਪੋਸਟ ਬਿਊਰੋ)- ਤਾਮਿਲ ਨਾਡੂ ਦੇ ਤੁਰਾਯੂਰ ਕਸਬੇ ਦੇ ਇਕ ਮੰਦਰ ਵਿਚ ਐਤਵਾਰ ਨੂੰ ਧਾਰਮਿਕ ਪ੍ਰੋਗਰਾਮ ਵੇਲੇ ਮੱਚੀ ਭਾਜੜ ਵਿਚ ਸੱਤ ਲੋਕਾਂ ਦੀ ਮੌਤ ਹੋ ਗਈ ਤੇ 10 ਜ਼ਖ਼ਮੀ ਹੋ ਗਏ ਹਨ।



ਪਤਾ ਲੱਗਾ ਹੈ ਕਿ ਮੁਥੀਅਮਪਲਅਮ ਪਿੰਡ ਦੇ ਕਰੂੱਪਾਸਵਾਮੀ ਮੰਦਰ ਵਿਚ 'ਪਡੀਕਸੂ' (ਮੰਦਰ ਦਾ ਸਿੱਕਾ) ਵੰਡਣ ਦਾ ਸਮਾਗਮ ਕਰਵਾਇਆ ਗਿਆ ਸੀ। 'ਚਿੱਤਰ ਪੋਨਾਰਮੀ' ਤਿਉਹਾਰ ਦੇ ਮੌਕੇ ਹਰ ਸਾਲ ਇਹ ਪ੍ਰੋਗਰਾਮ ਕੀਤਾ ਜਾਂਦਾ ਹੈ। ਪੁਲਿਸ ਦੇ ਮੁਤਾਬਕ ਜਦੋਂ ਪੁਜਾਰੀ ਨੇ ਮੰਦਰ ਦੇ ਸਿੱਕਿਆਂ ਦੀ ਵੰਡ ਸ਼ੁਰੂ ਕੀਤੀ ਤਾਂ ਉਸ ਨੂੰ ਲੈਣ ਲਈ ਸ਼ਰਧਾਲੂਆਂ ਵਿਚ ਭਾਜੜ ਮਚ ਗਈ। ਇਸ ਦੌਰਾਨ ਚਾਰ ਔਰਤਾਂ ਸਮੇਤ ਸੱਤ ਸ਼ਰਧਾਲੂਆਂ ਦੀ ਮੌਤ ਹੋ ਗਈ ਤੇ 10 ਹੋਰ ਗੰਭੀਰ ਜ਼ਖ਼ਮੀ ਹੋ ਗਏ। ਮੰਦਰ ਦੇ ਇਕ ਅਹੁਦੇਦਾਰ ਨੇ ਮੰਨਿਆ ਕਿ ਪੂਜਾ ਮੌਕੇ ਭੀੜ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ ਅਤੇ ਉਥੇ ਇੰਨੇ ਪੁਲਿਸ ਵਾਲੇ ਵੀ ਨਹੀਂ ਲਾਏ ਗਏ ਕਿ ਭਾਜੜ ਮੱਚਣ ਤੋਂ ਬਾਅਦ ਹਾਲਾਤ ਨੂੰ ਕਾਬੂ ਕਰ ਸਕਦੇ।

ਵਰਨਣ ਯੋਗ ਹੈ ਕਿ ਕਰੂੱਪਾਸਵਾਮੀ ਮੰਦਰ ਵਿਚ ਪੂਜਾ ਮਗਰੋਂ ਮੰਦਰ ਦੇ ਸਿੱਕਿਆਂ ਦੀ ਵੰਡ ਬਾਰੇ ਮੁੱਖ ਪ੍ਰੋਗਰਾਮ ਕੀਤਾ ਜਾਂਦਾ ਹੈ, ਜਿਸ ਦੇ ਲਈ ਪੂਰੇ ਖੇਤਰ ਤੋਂ ਹਜ਼ਾਰਾਂ ਲੋਕ ਮੰਦਰ ਵਿਚ ਪਹੁੰਚਦੇ ਹਨ ਅਤੇ ਹਰ ਕੋਈ ਮੰਦਰ ਦਾ ਸਿੱਕਾ ਲੈਣਾ ਚਾਹੁੰਦਾ ਹੈ। ਲੋਕ ਮੰਦਰ ਦੇ ਸਿੱਕੇ ਨੂੰ ਲਿਜਾ ਕੇ ਆਪਣੇ ਘਰ ਦੀ ਤਿਜੌਰੀ ਵਿਚ ਰੱਖਦੇ ਹਨ ਤੇ ਇਹ ਮਾਨਤਾ ਹੈ ਕਿ ਉਨ੍ਹਾਂ ਦੇ ਘਰ ਵਿਚ ਮੰਦਰ ਦਾ ਸਿੱਕਾ ਆਉਣ ਨਾਲ ਖ਼ੁਸ਼ਹਾਲੀ ਆਉਂਦੀ ਹੈ।

# ਕੈਲੀਫੋਰਨੀਆ ਦੇ ਬਦਾਮਾਂ ਦਾ ਵਪਾਰ ਕਸ਼ਮੀਰ ਵਿੱਚ ਅੱਤਵਾਦੀਆਂ ਦੀ ਫੰਡਿੰਗ ਦਾ ਵਸੀਲਾ ਬਣਦੈ

ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ)- ਸੰਸਾਰ ਭਰ 'ਚ ਆਪਣੇ ਗੁਣਾਂ ਲਈ ਮਸ਼ਹੂਰ ਕੈਲੀਫੋਰਨੀਆ ਦੇ ਬਦਾਮ ਦੇ ਭਾਰਤ-ਪਾਕਿ ਵਿਚਾਲੇ ਕੰਟਰੋਲ ਰੇਖਾ ਤੋਂ ਹੁੰਦੇ ਵਪਾਰ ਤੋਂ ਹੋ ਰਹੀ ਮੋਟੀ ਕਮਾਈ ਦਾ ਵੱਡਾ ਹਿੱਸਾ ਜੰਮੂ ਕਸ਼ਮੀਰ ਵਿੱਚ ਅੱਤਵਾਦੀਆਂ ਤੇ ਵੱਖਵਾਦੀਆਂ ਨੂੰ ਫੰਡਿੰਗ ਲਈ ਪੁਚ-ਾਇਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਭਾਰਤ ਨੇ ਕੱਲ੍ਹ ਕੰਟਰੋਲ ਰੇਖਾ 'ਤੇ ਦੋ ਸਥਾਨਾਂ ਤੋਂ ਹੁੰਦੇ ਕਾਰੋਬਾਰ 'ਤੇ ਅਨਿਸ਼ਚਿਤ ਸਮੇਂ ਲਈ ਰੋਕ ਲਾ ਦਿੱਤੀ ਹੈ। ਇਹ ਕਦਮ ਉਨ੍ਹਾਂ ਰਿਪੋਰਟਾਂ ਬਾਅਦ ਉਠਾਇਆ ਗਿਆ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਕੁਝ ਅਨਸਰਾਂ ਵੱਲੋਂ ਸਰਹੱਦੀ ਕਾਰੋਬਾਰ ਦੀ ਦੁਰਵਰਤੋਂ ਕਰ ਕੇ ਹਥਿਆਰ, ਨਸ਼ੀਲੇ ਪਦਾਰਥ ਅਤੇ ਜਾਅਲੀ ਕਰੰਸੀ ਭੇਜੀ ਜਾਂਦੀ ਹੈ। ਵਰਨਣ ਯੋਗ ਹੈ ਕਿ ਅਮਰੀਕਾ ਦੇ ਕੈਲੀਫੋਰਨੀਆ 'ਚ ਪੈਦਾ ਹੁੰਦਾ ਬਦਾਮ ਨਿਯਮਿਤ ਰੂਪ 'ਚ ਪਾਕਿਸਤਾਨ ਤੋਂ ਸਰਹੱਦ ਰਾਹੀਂ ਭਾਰਤ ਭੇਜਿਆ ਜਾਂਦਾ ਰਿਹਾ ਹੈ। ਇਕ ਸੁਰੱਖਿਆ ਅਧਿਕਾਰੀ ਨੇ ਦੱਸਿਆ ਕਿ ਪਾਕਿਸਤਾਨੀ ਵਪਾਰੀ ਘੱਟ ਕੀਮਤ ਵਾਲੇ ਚਲਾਣ (ਇਨਵਾਈਸ) ਨਾਲ ਕੈਲੀਫੋਰਨੀਆ ਦੇ ਬਦਾਮ ਅਤੇ ਹੋਰ ਉਤਪਾਦਾਂ ਨੂੰ ਭਾਰਤ ਭੇਜਦੇ ਅਤੇ ਭਾਰਤੀ ਵਪਾਰੀ ਇਨ੍ਹਾਂ ਨੂੰ ਬਾਜ਼ਾਰ ਭਾਅ ਉਤੇ ਵੇਚ ਕੇ ਵਧੇਰੇ ਲਾਭ ਕਮਾਉਂਦੇ ਹਨ ਅਤੇ ਕਮਾਏ ਲਾਭ ਨੂੰ ਕਸ਼ਮੀਰ 'ਚ ਅੱਤਵਾਦੀਆਂ ਤੱਤਾਂ ਨੂੰ ਫੰਡਿੰਗ ਦੇ ਰੂਪ ਵਿੱਚ ਦੇ ਦੇਂਦੇ ਸਨ।

## ਸਾਧਵੀ ਪ੍ਰਗਿਆ ਦਾ ਨਵਾਂ ਸ਼ੋਸ਼ਾ:

# ਅਯੁੱਧਿਆ ਦਾ ਬਾਬਰੀ ਮਸਜਿਦ ਵਾਲਾ ਢਾਂਚਾ ਮੈਂ ਤੋੜਿਆ ਸੀ

ਭੋਪਾਲ, 22 ਅਪਰੈਲ, (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਲਈ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਤੋਂ ਭਾਰਤੀ ਜਨਤਾ ਪਾਰਟੀ ਵੱਲੋਂ ਉਮੀਦਵਾਰ ਸਾਧਵੀ ਪ੍ਰਗਿਆ ਠਾਕੁਰ ਨੇ ਸ਼ਨਿਚਰਵਾਰ ਇਕ ਹੋਰ ਵਿਵਾਦਤ ਬਿਆਨ ਦੇ ਦਿੱਤਾ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਉਹ ਅਯੁੱਧਿਆ ਦਾ ਬਾਬਰੀ ਮਸਜਿਦ ਦਾ ਵਿਵਾਦਤ ਢਾਂਚਾ ਡੇਗਣ ਵਾਸਤੇ ਗਈ ਸੀ ਤੇ ਢਾਂਚੇ ਉੱਤੇ ਚੜ੍ਹ ਕੇ ਉਸ ਨੂੰ ਤੋੜਿਆ ਸੀ। ਉਸ ਨੇ ਕਿਹਾ: 'ਮੈਨੂੰ ਇਸ ਉੱਤੇ ਮਾਣ ਹੈ, ਭਗਵਾਨ ਨੇ ਮੈਨੂੰ ਮੌਕਾ ਤੇ ਸ਼ਕਤੀ ਦਿੱਤੀ ਸੀ, ਇਸ ਲਈ ਮੈਂ ਇਹ ਕੰਮ ਕਰ ਦਿੱਤਾ ਅਤੇ ਮੈਂ ਦੇਸ਼ ਦਾ ਕਲੰਕ ਮਿਟਾਇਆ ਸੀ।'



ਅਯੁੱਧਿਆ ਵਿੱਚ ਬਾਬਰੀ ਮਸਜਿਦ ਦਾ ਵਿਵਾਦਤ ਢਾਂਚਾ ਡੇਗਣ ਬਾਰੇ ਸਾਧਵੀ ਪ੍ਰਗਿਆ ਦਾ ਇਹ ਬਿਆਨ ਬਹੁਤ ਅਹਿਮ ਮੰਨਿਆ ਗਿਆ ਹੈ, ਕਿਉਂਕਿ ਭਾਜਪਾ ਦੇ ਸਾਰੇ ਨੇਤਾ ਇਸ ਬਾਰੇ ਸਿੱਧਾ ਕੁਝ ਕਹਿਣ ਤੋਂ ਬਚਦੇ ਹਨ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਮੁੰਬਈ ਹਮਲੇ ਦੌਰਾਨ ਸ਼ਹੀਦ ਹੋਏ ਆਈ ਪੀ ਐੱਸ ਅਫਸਰ ਹੇਮੰਤ ਕਰਕਰੇ ਬਾਰੇ ਵੀ ਸਾਧਵੀ ਪ੍ਰਗਿਆ ਠਾਕਰ ਨੇ ਦ੍ਰੋਸ਼-ਧ੍ਰੋਹੀ ਦਾ ਸ਼ਬਦ ਵਰਤਿਆ ਅਤੇ ਮੁਆਫੀ ਮੰਗੀ ਸੀ। ਅੱਜ ਸਾਧਵੀ ਨੇ ਕਿਹਾ ਕਿ ਸ਼ਹੀਦ ਹੇਮੰਤ ਕਰਕਰੇ ਬਾਰੇ ਦਿੱਤੇ ਆਪਣੇ ਬਿਆਨ ਲਈ ਮੈਂ ਮੁਆਫ਼ੀ ਮੰਗ ਚੁੱਕੀ ਹਾਂ, ਇਸ ਦੇ ਬਾਅਦ ਉਨ੍ਹਾਂ ਲੋਕਾਂ ਤੋਂ ਮਾਫ਼ੀ ਮੰਗਵਾਈ ਜਾਵੇ, ਜਿਨ੍ਹਾਂ ਨੇ ਮੈਨੂੰ ਨੌਂ ਸਾਲ ਤਕ ਦੁੱਖ ਦਿੱਤਾ ਹੈ।

ਦੂਸਰੇ ਪਾਸੇ ਭੋਪਾਲ ਤੋਂ ਕਾਂਗਰਸ ਉਮੀਦਵਾਰ ਦਿਗਵਿਜੇ ਸਿੰਘ ਨੇ ਭਾਜਪਾ ਵੱਲੋਂ ਪਾਰਲੀਮੈਂਟ ਦੀਆਂ ਚੋਣਾਂ ਦੌਰਾਨ ਹਿੰਦੂਤਵ ਨੂੰ ਮੁੱਦਾ ਬਣਾਉਣ ਉੱਤੇ ਕਿਹਾ ਕਿ 'ਮੇਰੀ ਡਿਕਸ਼ਨਰੀ ਵਿਚ ਹਿੰਦੂਤਵ ਸ਼ਬਦ ਨਹੀਂ।' ਅੱਜ ਨਾਮਜ਼ਦਗੀ ਦਾਖ਼ਲ ਕਰਨ ਪਿੱਛੋਂ ਮੀਡੀਆ ਨਾਲ ਗੱਲਬਾਤ ਮੌਕੇ ਦਿਗਵਿਜੇ ਸਿੰਘ ਨੇ ਸਾਧਵੀ ਪ੍ਰਗਿਆ ਵੱਲੋਂ ਲਾਏ ਦੋਸ਼ਾਂ ਬਾਰੇ ਕਿਹਾ ਕਿ ਉਹ ਜੋ ਵੀ ਕਹਿਣ, ਮੈਂ ਉਨ੍ਹਾਂ ਨੂੰ ਦੁਸ਼ਮਣ ਨਹੀਂ ਮੰਨਦਾ। ਉਨ੍ਹਾਂ ਕਿਹਾ ਕਿ ਭਾਜਪਾ ਦੀ ਕਥਨੀ ਤੇ ਕਰਨੀ ਦਾ ਬਹੁਤ ਫ਼ਰਕ ਹੈ। ਗ੍ਰਹਿ ਸਕੱਤਰ ਰਹਿੰਦੇ ਹੋਏ ਆਰ ਕੇ ਸਿੰਘ ਨੇ ਹਿੰਦੂ ਅੱਤਵਾਦ ਦਾ ਮੁੱਦਾ ਉਠਾਇਆ ਸੀ ਤੇ ਭਾਜਪਾ ਨੇ ਪਾਰਲੀਮੈਂਟ ਚੋਣਾਂ ਵਿਚ ਉਨ੍ਹਾਂ ਨੂੰ ਟਿਕਟ ਦਿੱਤੀ ਅਤੇ ਮੰਤਰੀ ਵੀ ਬਣਾਇਆ, ਪਰ ਇਸ ਅਮਿਤ ਸ਼ਾਹ ਕਦੇ ਵੀ ਕੁਝ ਨਹੀਂ ਬੋਲਦੇ।

# ਫਿਲਮ ਸਟਾਰ ਸੋਨਾਕਸ਼ੀ ਸਣੇ ਸੱਤ ਜਣਿਆਂ ਉੱਤੇ ਫਰਾਡ ਦਾ ਦੋਸ਼

ਮੁਰਾਦਾਬਾਦ, 22 ਅਪ੍ਰੈਲ (ਪੋਸਟ ਬਿਊਰੋ)- ਫਿਲਮ ਅਦਾਕਾਰਾ ਸੋਨਾਕਸ਼ੀ ਸਿਨਹਾ ਸਮੇਤ ਸੱਤ ਜਣਿਆਂ ਵਿਰੁੱਧ 37 ਲੱਖ ਰੁਪਏ ਦੀ ਧੋਖਾਧੜੀ ਦੇ ਕੇਸ ਦੀ ਜਾਂਚ ਸਥਾਨਕ ਪੁਲਸ ਨੂੰ ਦਿੱਤੀ ਗਈ ਹੈ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਕੋਤਵਾਲੀ ਕਟਘਰ ਦੇ ਪ੍ਰਮੋਦ ਸ਼ਰਮਾ ਵਾਸੀ ਸ਼ਿਵਪੁਰੀ ਨੇ 24 ਨਵੰਬਰ ਨੂੰ ਐੱਸ ਐੱਸ ਪੀ ਨੂੰ ਦੱਸਿਆ ਸੀ ਕਿ ਦਿੱਲੀ ਵਿੱਚ ਤੀਹ ਸਤੰਬਰ ਨੂੰ ਉਨ੍ਹਾਂ ਨੇ ਇੰਡੀਆ ਫੈਸ਼ਨ ਐਂਡ ਬਿਊਟੀ ਐਵਾਰਡ ਪ੍ਰੋਗਰਾਮ ਰੱਖਿਆ ਸੀ, ਜਿਸ ਵਿੱਚ ਐਵਾਰਡ ਵੰਡਣ ਲਈ ਬਾਲੀਵੁੱਡ ਅਦਾਕਾਰਾ ਸੋਨਾਕਸ਼ੀ ਸਿਨਹਾ ਨੇ ਆਉਣਾ ਸੀ। ਸੋਨਾਕਸ਼ੀ ਨੂੰ ਬੁਲਾਵੇ ਦਾ ਸਮਝੌਤਾ ਟੈਲੇਂਟ ਫੁਲ ਆਨ ਕੰਪਨੀ ਦੇ ਅਭਿਸ਼ੇਕ ਸਿਨਹਾ ਨਾਲ 24 ਲੱਖ ਰੁਪਏ ਵਿੱਚ ਹੋਇਆ ਸੀ। ਉਸ ਨੂੰ ਬੁਲਾਉਣ ਲਈ ਟੈਲੇਂਟ ਫੁਲ ਆਨ ਕੰਪਨੀ ਨੇ ਐਕਸਿਡ ਇੰਟਰਟੇਨਮੈਂਟ ਕੰਪਨੀ ਦੇ ਧੂਮਲ ਠੱਕਰ, ਐਡਗਰਸਕੇਰੀਆ ਦੇ ਨਾਲ ਸੋਨਾਕਸ਼ੀ ਦੀ ਮੈਨੇਜਰ ਮਾਲਵਿਕਾ ਪੰਜਾਬੀ ਨਾਲ ਸੰਪਰਕ ਕੀਤਾ ਤੇ ਪਿਛਲੇ ਸਾਲ ਜੂਨ ਵਿੱਚ ਸਮਝੌਤਾ ਹੋ ਗਿਆ ਤੇ ਇੱਕ ਵੀਡੀਓ ਵਾਇਰਲ ਕਰ ਕੇ ਸੋਨਾਕਸ਼ੀ ਨੇ ਪ੍ਰੋਗਰਾਮ ਵਿੱਚ ਆਉਣ ਦੀ ਜਾਣਕਾਰੀ ਦਿੱਤੀ ਸੀ। 37 ਲੱਖ ਰੁਪਏ ਦੀ ਰਕਮ ਮੁਰਾਦਾਬਾਦ ਤੋਂ ਆਨਲਾਈਨ ਟ੍ਰਾਂਸਫਰ ਕੀਤੀ ਗਈ ਤੇ ਇਨ੍ਹਾਂ ਵਿੱਚੋਂ ਚਾਰ ਲੱਖ ਰੁਪਏ ਸੋਨਾਕਸ਼ੀ ਦੇ ਖਾਤੇ ਵਿੱਚ ਟਰਾਂਸਫਰ ਹੋਏ ਸਨ। ਬਾਕੀ 33 ਲੱਖ ਰੁਪਏ ਅਭਿਸ਼ੇਕ ਦੀ ਕੰਪਨੀ ਟੈਲੇਂਟ ਫੁਲ ਆਨ ਅਤੇ ਉਨ੍ਹਾਂ ਦੀ ਪਤਨੀ ਸਵਾਤੀ ਦੇ ਇਲਾਵਾ ਆਸ਼ੀਸ਼ ਦੇ ਖਾਤੇ ਵਿੱਚ ਗਏ ਸਨ। ਇਸ ਦੇ ਬਾਅਦ ਵੀ ਤੀਹ ਸਤੰਬਰ ਨੂੰ ਉਹ ਪ੍ਰੋਗਰਾਮ ਵਿੱਚ ਨਹੀਂ ਆਈ। ਪੀੜਤ ਪ੍ਰਮੋਦ ਦਾ ਦੋਸ਼ ਹੈ ਕਿ ਉਨ੍ਹਾਂ ਨਾਲ 37 ਲੱਖ ਰੁਪਏ ਦੀ ਧੋਖਾਧੜੀ ਕੀਤੀ ਗਈ ਹੈ।

# ਮੋਦੀ ਨੇ ਕਿਹਾ, ਪਾਇਲਟ ਅਭਿਨੰਦਨ ਨੂੰ ਪਾਕਿਸਤਾਨ ਵਾਪਸ ਨਾ ਦੇਂਦਾ ਤਾਂ 'ਕਤਲ ਦੀ ਰਾਤ' ਹੁੰਦੀ

ਪਾਟਨ, ਗੁਜਰਾਤ, 22 ਅਪਰੈਲ, (ਪੋਸਟ ਬਿਊਰੋ)- ਪਿਛਲੇਰੇ ਮਹੀਨੇ ਪਾਕਿਸਤਾਨ ਵਿੱਚ ਫੜੇ ਗਏ ਭਾਰਤੀ ਹਵਾਈ ਫੌਜ ਦੇ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਬਾਰੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਹੁਤ ਹੀ ਸੰਵੇਦਨਸ਼ੀਲ ਬਿਆਨ ਦਿੱਤਾ ਹੈ। ਅਮਰੀਕਾ ਦਾ ਹਵਾਲਾ ਦਿੰਦੇ ਹੋਏ ਨਰਿੰਦਰ ਮੋਦੀ ਨੇ ਆਖਿਆ ਹੈ ਕਿ ਜੇ ਉਸ ਦਿਨ ਪਾਕਿਸਤਾਨ ਵਾਲੇ ਸਾਡਾ ਪਾਇਲਟ ਵਾਪਸ ਨਾ ਕਰਦੇ ਤਾਂ ਉਹ 'ਕਤਲ ਦੀ ਰਾਤ' ਹੁੰਦੀ।



ਗੁਜਰਾਤ ਦੇ ਪਾਟਨ ਪਾਰਲੀਮੈਂਟ ਹਲਕੇ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਦੇ ਨਰਿੰਦਰ ਮੋਦੀ ਨੇ ਕਿਹਾ ਕਿ ਐੱਨ ਸੀ ਪੀ ਦੇ ਨੇਤਾ ਸ਼ਰਦ ਪਵਾਰ ਕਹਿੰਦੇ ਹਨ ਕਿ ਜੋ ਕੁਝ ਹੋਇਆ ਸੀ, ਸਾਨੂੰ ਪਤਾ ਨਹੀਂ ਅਤੇ ਇਸੇ ਲਈ ਜਿਹੜੀ ਗੱਲ ਦਾ ਸ਼ਰਦ ਪਵਾਰ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਦਾ ਅਗਲਾ ਕਦਮ ਕੀ ਹੋਵੇਗਾ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮ-ਰਾਨ ਖਾਨ ਨੂੰ ਕਿਵੇਂ ਪਤਾ ਹੁੰਦਾ ਕਿ ਅਸੀਂ ਕੀ ਕਰਨ ਵਾਲੇ ਹਾਂ। ਪ੍ਰਧਾਨ ਮੰਤਰੀ ਮੋਦੀ ਦਾ ਇਹ ਬਿਆਨ ਉਸ ਘਟਨਾ ਬਾਰੇ ਹੈ, ਜਿਸ ਵਿੱਚ ਭਾਰਤ ਦੀ ਏਅਰ ਸਟ੍ਰਾਈਕ ਦਾ ਜਵਾਬ ਦੇਣ ਆਏ ਪਾਕਿਸਤਾਨੀ ਲੜਾਕੂ ਜਹਾਜ਼ਾਂ ਨਾਲ ਮੁਕਾਬਲਾ ਕਰਨ ਦੇ ਦੌਰਾਨ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਦਾ ਜਹਾਜ਼ ਸਰਹੱਦ ਪਾਰ ਚਲਾ ਗਿਆ ਤੇ ਪਾਕਿ ਫੌਜ ਨੇ ਉਸ ਨੂੰ ਫੜ ਲਿਆ ਸੀ। ਨਰਿੰਦਰ ਮੋਦੀ ਨੇ ਕਿਹਾ ਕਿ ਸਾਡੀ ਫੌਜ ਵੱਲੋਂ ਕੀਤੀ ਏਅਰ ਸਟ੍ਰਾਈਕ ਬਾਰੇ ਕਾਂਗਰਸ ਨੇਤਾ ਸਬੂਤ ਮੰਗਦੇ ਹਨ, ਜਿਸ ਤੋਂ ਜ਼ਾਹਿਰ ਹੈ ਕਿ ਉਨ੍ਹਾਂ ਨੂੰ ਸਾਡੀ ਫੌਜ ਉੱਤੇ ਭਰੋਸਾ ਨਹੀਂ। ਮੋਦੀ ਨੇ ਕਿਹਾ ਕਿ ਇੱਕ ਸੀਨੀਅਰ ਅਮਰੀਕੀ ਅਧਿਕਾਰੀ ਨੇ ਅਗਲੇ ਦਿਨ ਕਿਹਾ ਸੀ ਕਿ ਮੋਦੀ ਨੇ 12 ਮਿਸਾਇਲਾਂ ਤਿਆਰ ਰੱਖੀਆਂ ਅਤੇ ਕਿਹਾ ਹੈ ਕਿ ਹਮਲਾ ਹੋ ਸਕਦਾ ਅਤੇ ਸਥਿਤੀ ਵਿਗੜ ਜਾਵੇਗੀ। ਪਾਕਿਸਤਾਨ ਨੇ ਦੂਸਰੇ ਦਿਨ ਪਾਇਲਟ ਵਾਪਸ ਭੇਜਣ ਦਾ ਐਲਾਨ ਕਰ ਦਿੱਤਾ, ਵਰਨਾ ਉਹ 'ਕਤਲ ਦੀ ਰਾਤ' ਹੋਣ ਵਾਲੀ ਸੀ।' ਇਸ ਮੌਕੇ ਦੇਸ਼ ਦੀ ਸੁਰੱਖਿਆ ਬਾਰੇ ਸਰਕਾਰ ਦੀ ਨੀਤੀ ਬਾਰੇ ਮੋਦੀ ਨੇ ਕਿਹਾ ਕਿ ਕੁਰਸੀ ਰਹੇ ਜਾਂ ਨਾ ਰਹੇ, ਪਰ ਮੇਰਾ ਫੈਸਲਾ ਹੈ ਕਿ ਮੈਂ ਜਿੰਦਾ ਰਹਾਂਗਾ ਜਾਂ ਅੱਤਵਾਦ ਰਹੇਗਾ।

# ਲਖਨਊ-ਆਗਰਾ ਐਕਸਪ੍ਰੈਸ ਵੇਅ ਉੱਤੇ ਬਸ-ਟਰੱਕ ਟੱਕਰ ਵਿੱਚ ਸੱਤ ਮੌਤਾਂ

ਮੈਨਪੁਰੀ, 22 ਅਪ੍ਰੈਲ (ਪੋਸਟ ਬਿਊਰੋ)- ਮੈਨਪੁਰੀ ਜ਼ਿਲ੍ਹੇ ਦੇ ਕਰਹਲ ਇਲਾਕੇ ਵਿੱਚ ਲਖਨਊ-ਆਗਰਾ ਐਕਸਪ੍ਰੈਸਵੇਅ ਉੱਤੇ ਦਿੱਲੀ ਤੋਂ ਵਾਰਾਨਸੀ ਜਾਂਦੀ ਨਿੱਜੀ ਬਸ ਦੇ ਇੱਕ ਟਰੱਕ ਨਾਲ ਜਾ ਟਕਰਾਉਣ ਨਾਲ ਬਸ ਵਿੱਚ ਸਵਾਰ ਸੱਤ ਜਣਿਆਂ ਦੀ ਮੌਤ ਹੋ ਗਈ ਅਤੇ 34 ਹੋਰ ਜ਼ਖਮੀ ਹੋ ਗਏ ਹਨ। ਪੁਲਸ ਦੇ ਦੱਸਣ ਮੁਤਾਬਕ ਮੈਨਪੁਰੀ ਵਿੱਚ 41 ਮੁਸਾਫਰਾਂ ਨੂੰ ਦਿੱਲੀ ਤੋਂ ਵਾਰਾਨਸੀ ਲੈ ਕੇ ਜਾਂਦੀ ਇੱਕ ਨਿੱਜੀ ਬਸ ਕੱਲ੍ਹ ਰਾਤ ਕਰੀਬ ਸਾਢੇ



ਗਿਆਰਾਂ ਵਜੇ ਆਗਰਾ-ਲਖਨਊ ਐਕਸਪ੍ਰੈਸਵੇਅ ਉਤੇ ਇੱਕ ਟਰੱਕ ਨਾਲ ਟਕਰਾ ਕੇ ਪਲਟ ਗਈ। ਹਾਦਸੇ ਵਿੱਚ ਇੱਕ ਅੱਠ ਸਾਲ ਦੀ ਬੱਚੀ ਸਮੇਤ ਸੱਤ ਮੁਸਾਫਰਾਂ ਦੀ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਹਾਦਸੇ ਵਿੱਚ 34 ਹੋਰ ਯਾਤਰੀ ਗੰਭੀਰ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲੀ ਤੋਂ ਪੁਲਸ ਤੇ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਪੁੱਜੇ ਤੇ ਬਚਾਅ ਕਾਰਜ ਆਰੰਭੇ।

# ਯੂ ਪੀ ਵਿੱਚ ਭਾਜਪਾ ਵਿਧਾਇਕ ਅਸ਼ੋਕ ਚੰਦੇਲ ਸਣੇ 10 ਜਣਿਆਂ ਨੂੰ ਉਮਰ ਕੈਦ

ਪ੍ਰਯਾਗਰਾਜ, 22 ਅਪ੍ਰੈਲ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਹਮੀਰਪੁਰ ਸਦਰ ਹਲਕੇ ਦੇ ਭਾਜਪਾ ਵਿਧਾਇਕ ਅਸ਼ੋਕ ਸਿੰਘ ਚੰਦੇਲ ਨੂੰ ਸਮੂਹਿਕ ਹੱਤਿਆ ਦੇ ਕੇਸ ਵਿੱਚ ਇਲਾਹਾਬਾਦ ਹਾਈ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਅਦਾਲਤ ਨੇ 22 ਸਾਲ ਪਹਿਲਾਂ ਸਿਆਸੀ ਵਿਰੋਧਤਾ ਵਿੱਚ ਪੰਜ ਲੋਕਾਂ ਦੇ ਕਤਲ ਕੇਸ ਵਿੱਚ ਵਿਧਾਇਕ ਅਸ਼ੋਕ ਸਿੰਘ ਚੰਦੇਲ ਸਮੇਤ 10 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜਣ ਦਾ ਆਦੇਸ਼ ਦਿੱਤਾ। ਅਪਰਾਧੀਆਂ ਨੂੰ 2002 'ਚ ਹਮੀਰਪੁਰ ਦੇ ਏ ਡੀ ਜੇ ਨੇ ਦੋਸ਼ਮੁਕਤ ਕਰਾਰ ਦਿੰਦਿਆਂ ਬਰੀ ਕਰ ਦਿੱਤਾ ਗਿਆ ਸੀ।

ਇਲਾਹਾਬਾਦ ਹਾਈ ਕੋਰਟ ਦੇ ਜਸਟਿਸ ਰਮੇਸ਼ ਸਿਨਹਾ ਤੇ ਜਸਟਿਸ ਦਿਨੇਸ਼ ਸਿੰਘ ਦੀ ਬੈਂਚ ਨੇ ਇਹ ਹੁਕਮ ਰਾਜ ਸਰਕਾਰ ਅਤੇ ਮੁਕੱਦਮੇ ਦੇ ਮੁਦੱਈ ਰਾਜੀਵ ਸ਼ੁਕਲ ਦੀਆਂ ਵਿਸ਼ੇਸ਼ ਅਪੀਲਾਂ ਨੂੰ ਮਨਜ਼ੂਰ ਕਰ ਕੇ ਦਿੱਤਾ ਹੈ। ਰਾਜ ਸਰਕਾਰ ਵੱਲੋਂ ਐਡੀਸ਼ਨਲ ਅਟਾਰਨੀ ਜਨਰਲ ਕ੍ਰਿਸ਼ਨ ਪਹਿਲ ਨੇ ਬਹਿਸ ਕੀਤੀ। ਅਦਾਲਤ ਨੇ ਸੈਸ਼ਨ ਕੋਰਟ ਦੇ ਫੈਸਲੇ ਨੂੰ ਗਲਤ ਮੰਨ ਕੇ ਸਾਰੇ ਜਣਿਆਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਵਰਨਣ ਯੋਗ ਹੈ ਕਿ ਇਸ ਸਮੂਹਿਕ ਹੱਤਿਆ ਦੇ ਬਹੁ-ਚਰਚਿਤ ਮੁਕੱਦਮੇ ਵਿੱਚ ਓਦੋਂ ਦੇ ਸੈਸ਼ਨ ਜੱਜ ਅਸ਼ਵਨੀ ਕੁਮਾਰ ਨੇ ਇਨ੍ਹਾਂ ਨੂੰ ਬਰੀ ਕਰ ਦਿੱਤਾ ਸੀ, ਪਰ ਹਾਈ ਕੋਰਟ ਦੇ ਹੁਕਮ ਉੱਤੇ ਹੋਈ ਜਾਂਚ ਵਿੱਚ ਸਾਬਤ ਹੋਇਆ ਕਿ ਸੈਸ਼ਨ ਜੱਜਾਂ ਨੇ ਪੈਸੇ ਲਏ ਸਨ, ਇਸ ਲਈ ਦੋ ਸੈਸ਼ਨ ਜੱਜਾਂ ਨੂੰ ਰਿਸ਼ਵਤ ਦੇ ਕੇਸ ਵਿੱਚ ਪਹਿਲਾਂ ਹੀ ਬਰਖਾਸਤ ਕੀਤਾ ਜਾ ਚੁੱਕਾ ਹੈ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed

Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਅਫ਼ਗਾਨ-ਤਾਲਿਬਾਨ ਗੱਲਬਾਤ ਟੁੱਟੀ, ਸ਼ਾਂਤੀ ਦੇ ਯਤਨਾਂ ਨੂੰ ਝਟਕਾ



ਦੋਹਾ (ਕਤਰ), 22 ਅਪਰੈਲ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਦੋ ਦਹਾਕਿਆਂ ਤੋਂ ਚੱਲ ਰਹੇ ਟਕਰਾਅ ਨੂੰ ਖ਼ਤਮ ਕਰਾਉਣ ਦੇ ਯਤਨਾਂ ਨੂੰ ਵੱਡਾ ਝਟਕਾ ਲੱਗਾ ਹੈ। ਅਫ਼ਗਾਨ ਸਰਕਾਰ ਦੇ ਪ੍ਰਤੀਨਿਧਾਂ ਅਤੇ ਤਾਲਿਬਾਨ ਵਿਚਾਲੇ ਇਸ ਹਫ਼ਤੇ ਕਤਰ ਦੀ ਰਾਜਧਾਨੀ ਦੋਹਾ ਵਿਚ ਹੋਣ ਵਾਲੀ ਪਹਿਲੀ ਸ਼ਾਂਤੀ ਵਾਰਤਾ ਰੱਦ ਕਰ ਦਿੱਤੀ ਗਈ ਹੈ। ਇਸ ਦਾ ਕਾਰਨ ਅਫ਼ਗਾਨ ਸਰਕਾਰ ਦੇ ਪ੍ਰਤੀਨਿਧ ਮੰਡਲ ਵਿਚ 250 ਲੋਕਾਂ ਨੂੰ ਸ਼ਾਮਲ ਕੀਤਾ ਜਾਣਾ ਦੱਸਿਆ ਗਿਆ ਹੈ। ਤਾਲਿਬਾਨ ਦੇ ਪ੍ਰਤੀਨਿਧ ਨੇ ਗੱਲਬਾਤ ਲਈ ਏਨੇ ਵੱਡੇ ਪ੍ਰਤੀਨਿਧ ਮੰਡਲ ਉੱਤੇ ਵਿਅੰਗ ਕੱਸਦੇ ਹੋਏ ਕਿਹਾ ਕਿ ਇਹ ਸਾਧਾਰਨ ਸੂਚੀ ਨਹੀਂ, ਸਾਡੀ ਏਨੇ ਲੋਕਾਂ ਨੂੰ ਮਿਲਣ ਦੀ ਯੋਜਨਾ ਨਹੀਂ, ਇਹ ਕਿਸੇ ਹੋਟਲ ਵਿਚ ਵਿਆਹ ਦਾ ਸੱਦਾ ਨਹੀਂ। ਅਫ਼ਗਾਨਿਸਤਾਨ ਸਰਕਾਰ ਨੇ ਇਸ ਗੱਲਬਾਤ ਨੂੰ ਲੀਹ ਤੋਂ ਲਾਹੁਣ ਲਈ ਕਤਰ ਸਰਕਾਰ ਨੂੰ ਜ਼ਿੰਮੇਵਾਰ ਕਿਹਾ ਹੈ। ਵਰਨਣ ਯੋਗ ਹੈ ਕਿ ਦੋਹਾ ਵਿਚ ਤਾਲਿਬਾਨ ਅਤੇ ਅਫ਼ਗਾਨ ਸਰਕਾਰ ਦੇ ਪ੍ਰਤੀਨਿਧਾਂ ਵਿਚਾਲੇ ਗੱਲਬਾਤ ਸ਼ੁੱਕਰਵਾਰ ਤੋਂ ਐਤਵਾਰ ਤਕ ਹੋਣੀ ਸੀ ਤੇ ਇਸ ਲਈ ਅਫ਼ਗਾਨ ਰਾਸ਼ਟਰਪਤੀ ਅਸ਼ਰਫ ਗਨੀ ਨੇ ਵੀਰਵਾਰ ਨੂੰ 250 ਲੋਕਾਂ ਦੀ ਸੂਚੀ ਬਣਾਈ ਸੀ, ਜਿਸ ਵਿਚ ਸਰਕਾਰ ਅਤੇ ਦੇਸ਼ ਦੇ ਹਰ ਖੇਤਰ ਦੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ। ਗੱਲਬਾਤ ਰੱਦ ਹੋਣ ਉੱਤੇ ਰਾਸ਼ਟਰਪਤੀ ਦੇ ਬੁਲਾਰੇ ਨੇ ਕਿਹਾ ਕਿ ਕਤਰ ਸਰਕਾਰ ਨੇ ਪ੍ਰਤੀਨਿਧਾਂ ਦੀ ਲੰਬੀ ਸੂਚੀ ਰੱਦ ਕਰ ਕੇ ਛੋਟੀ ਕਰਨ ਦੀ ਸਲਾਹ ਦਿੱਤੀ ਹੈ, ਇਹ ਮੰਨਣ ਯੋਗ ਨਹੀਂ। ਅਫ਼ਗਾਨ ਸਰਕਾਰ ਤੇ ਤਾਲਿਬਾਨ ਦੀ ਗੱਲਬਾਤ ਰੱਦ ਹੋਣ ਉੱਤੇ ਅਮਰੀਕਾ ਦੇ ਵਿਸ਼ੇਸ਼ ਦੂਤ ਜ਼ਾਲਮੇ ਖਲੀਲਜ਼ਾਦ ਨੇ ਵੀ ਅਫਸੋਸ ਜ਼ਾਹਿਰ ਕੀਤਾ ਅਤੇ ਕਿਹਾ ਕਿ ਅਸੀਂ ਸਾਰੇ ਪੱਖਾਂ ਦੇ ਸੰਪਰਕ ਵਿਚ ਹਾਂ ਅਤੇ ਉਨ੍ਹਾਂ ਨੂੰ ਗੱਲਬਾਤ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕਰ ਰਹੇ ਹਾਂ।

# ਟਰੰਪ ਨੇ ਕਾਨੂੰਨੀ ਦਸਤਾਵੇਜ਼ਾਂ ਬਿਨਾਂ ਕਿਸੇ ਨੂੰ ਦਾਖਲ ਨਾ ਹੋਣ ਦੇਣ ਦਾ ਹੁਕਮ ਦਿੱਤਾ



ਵਾਸ਼ਿੰਗਟਨ, 22 ਅਪ੍ਰੈਲ (ਪੋਸਟ ਬਿਊਰੋ)- ਮੈਕਸੀਕੋ ਵਾਲੀ ਸਰਹੱਦ ਰਾਹੀਂ ਅਮਰੀਕਾ ਵਿੱਚ ਦਾਖਲ ਹੋ ਰਹੇ ਅਤੇ ਹੋਣ ਦੀ ਆਸ ਲਾਈ ਬੈਠੇ ਸ਼ਰਨਾਰਥੀ ਇਨ੍ਹਾਂ ਦਿਨਾਂ ਵਿੱਚ ਅਮਰੀਕੀ ਸਰਕਾਰ ਲਈ ਸਿਰ-ਦਰਦ ਬਣਨ ਲੱਗੇ ਹਨ। ਅਮਰੀਕਾ ਨੇ ਇਸ ਮਾਮਲੇ ਵਿੱਚ ਸਖਤ ਕਦਮ ਚੁੱਕਣ ਦਾ ਫੈਸਲਾ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਮੈਕਸੀਕੋ ਦੇ ਚਿਆਪਾਸ ਸਟੇਟ ਦੇ ਐਸਕੁੰਤਲਾ ਵਿੱਚ ਬੀਤੇ ਦਿਨੀਂ ਵੱਖ-ਵੱਖ ਦੇਸ਼ਾਂ ਦੇ ਹਜ਼ਾਰਾਂ ਸ਼ਰਨਾਰਥੀ ਇਸ ਆਸਦ ਨਾਲ ਇਕੱਠੇ ਹੋਏ ਹਨ ਕਿ ਉਨ੍ਹਾਂ ਨੂੰ ਅਮਰੀਕਾ ਵਿੱਚ ਦਾਖਲਾ ਮਿਲ ਸਕੇਗਾ, ਪਰ ਅਮਰੀਕਾ ਪ੍ਰਸ਼ਾਸਨ ਨੇ ਗੈਰ ਕਾਨੂੰਨੀ ਢੰਗ ਨਾਲ ਆਉਣ ਵਾਲੇ ਲੋਕਾਂ ਨੂੰ ਕੋਈ ਰਿਆਇਤ ਨਾ ਦੇਣ ਦਾ ਫੈਸਲਾ ਕੀਤਾ ਹੈ। ਅੰਦਰੂਨੀ ਸੁਰੱਖਿਆ ਅਤੇ ਨਿਆਂ ਵਿਭਾਗ ਦੀ ਕੋਸ਼ਿਸ਼ ਹੈ ਕਿ ਕਾਨੂੰਨੀ ਕਾਗਜ਼ਾਂ ਦੇ ਬਿਨਾਂ ਕਿਸੇ ਨੂੰ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਇਸੇ ਦੌਰਾਨ ਅਮਰੀਕਾ ਵਿੱਚ ਮੈਕਸੀਕੋ ਦੇ ਰਸਤੇ ਦਾਖਲ ਹੁੰਦੇ ਸ਼ਰਨਾਰਥੀਆਂ ਨੂੰ ਨਾਜਾਇਜ਼ ਹਿਰਾਸਤ ਵਿੱਚ ਲੈਣ ਵਾਲੇ ਸੱਜੇ ਪੱਖੀ ਸੰਗਠਨ ਦੇ ਇੱਕ ਮੈਂਬਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇੱਕ ਛੋਟੇ ਜਿਹੇ, ਪਰ ਹਥਿਆਰਬੰਦ ਸੰਗਠਨ ਯੂਨਾਈਟਿਡ ਕਾਂਸਟੀਟਿਊਸ਼ਨਲ ਪੈਟਰੀਆਟਸ (ਯੂ ਸੀ ਪੀ) ਦੇ ਮੈਂਬਰ ਲੈਰੀ ਮਿਸ਼ੇਲ ਹਾਪਕਿਸਸ (70) ਨੂੰ ਨਾਜਾਇਜ਼ ਢੰਗ ਨਾਲ ਹਥਿਆਰ ਰੱਖਣ ਦੇ ਦੋਸ਼ ਵਿੱਚ ਕੱਲ੍ਹ ਗ੍ਰਿਫਤਾਰ ਕੀਤਾ ਗਿਆ। ਇਹ ਗ੍ਰਿਫਤਾਰੀ ਅਮਰੀਕਾ ਦੀ ਫੈਡਰਲ ਜਾਂਚ ਏਜੰਸੀ ਐਫ ਬੀ ਆਈ ਨੇ ਕੀਤੀ ਹੈ। ਸੋਸ਼ਲ ਮੀਡੀਆ ਉੱਤੇ ਆਮ ਜਾਣੇ ਜਾਂਦੇ ਯੂ ਸੀ ਪੀ ਗਰੁੱਪ ਦਾ ਕਹਿਣਾ ਹੈ ਕਿ ਉਹ ਅਮਰੀਕਾ ਦੀਆਂ ਸਰਹੱਦਾਂ ਦੀ ਨਿਗਰਾਨੀ ਕਰਦਹ ਹਨ। ਇਸ ਦੇ ਮੈਂਬਰ ਹਥਿਆਰ ਲੈ ਕੇ ਚੱਲਦੇ ਹਨ ਅਤੇ ਅਮਰੀਕਾ ਦੀ ਸਰਹੱਦ 'ਚ ਦਾਖਲ ਹੋਏ ਲੋਕਾਂ ਨੂੰ ਨਾਜਾਇਜ਼ ਹਿਰਾਸਤ ਵਿੱਚ ਲੈ ਲੈਂਦੇ ਹਨ। ਹਾਪਕਿਨਸ ਦੀ ਗ੍ਰਿਫਤਾਰੀ 'ਤੇ ਅਮਰੀਕਾ ਦੇ ਸਰਹੱਦੀ ਸੂਬੇ ਨਿਊ ਮੈਕਸੀਕੋ ਦੇ ਅਟਾਰਨੀ ਜਨਰਲ ਹੈਕਟਰ ਬਾਲਡੇਰਾਸ ਨੇ ਕਿਹਾ ਕਿ ਕਾਨੂੰਨ ਵਿਵਸਥਾ ਦੀ ਜ਼ਿੰਮੇਵਾਰੀ ਸਿਖਲਾਈ ਪ੍ਰਾਪਤ ਸਰਕਾਰੀ ਅਫਸਰਾਂ ਦੀ ਹੈ, ਹਥਿਆਰਬੰਦ ਲੋਕਾਂ ਦੀ ਨਹੀਂ। ਸ਼ਰਨਾਰਥੀਆਂ ਨੂੰ ਅਮਰੀਕਾ ਵਿੱਚ ਆਉਣ ਤੋਂ ਰੋਕਣ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਮੈਕਸੀਕੋ ਸਰਹੱਦ ਉਤੇ ਕੰਧ ਬਣਨ ਤੱਕ ਓਥੇ ਤੈਨਾਤ ਸੁਰੱਖਿਆ ਬਲਾਂ ਦੀ ਮਦਦ ਕਰਨੀ ਚਾਹੁੰਦੇ ਹਨ, ਪਰ ਸ਼ਰਨਾਰਥੀਆਂ ਦੀ ਵਧਦੀ ਗਿਣਤੀ ਕਾਰਨ ਹਾਲਾਤ ਵਿਗੜਦੇ ਜਾ ਰਹੇ ਹਨ।

## ਫੇਕ ਰਿਵਿਊ ਪੇਸ਼ ਕਰਕੇ ਗ੍ਰਾਹਕਾਂ ਨੂੰ ਆਨਲਾਈਨ ਫਸਾਇਆ ਜਾਂਦੈ

ਸੈਨ ਫਰਾਂਸਿਸਕੋ, 22 ਅਪ੍ਰੈਲ (ਪੋਸਟ ਬਿਊਰੋ)- ਜੇ ਤੁਸੀਂ ਆਨਲਾਈਨ ਸ਼ਾਪਿੰਗ ਲਈ ਕੰਜਿਊਮਰ ਰਿਵਿਊ 'ਤੇ ਭਰੋਸਾ ਕਰਦੇ ਹਨ ਤਾਂ ਸੁਚੇਤ ਹੋ ਜਾਓ। ਫੇਕ ਨਿਊਜ਼ ਵਾਂਗ ਅੱਜ ਕੱਲ੍ਹ ਫੇਕ ਰਿਵਿਊ ਵੀ ਰੁਝਾਨ ਵਿੱਚ ਆ ਗਿਆ ਹੈ। ਦੁਨੀਆ ਦੀ ਸਭ ਤੋਂ ਵੱਡੀ ਈ-ਕਾਮਰਸ ਕੰਪਨੀ ਅਮੇਜ਼ਨ ਦੇ ਆਨਲਾਈਨ ਗ੍ਰਾਹਕਾਂ ਨੂੰ ਫੇਸਬੁਕ ਗਰੁੱਪ 'ਤੇ ਫੇਕ ਰਿਵਿਊ ਦੇ ਨਾਲ ਫਸਾਇਆ ਜਾਂਦਾ ਹੈ। ਬ੍ਰਿਟੇਨ ਦੇ ਕੰਜ਼ਿਊਮਰ ਐਡਵੋਕੇਸੀ ਗਰੁੱਪ ਵਿਚ ਕਈ ਕੰਪਨੀਆਂ ਅਤੇ ਫੇਸਬੁਕ ਗਰੁੱਪ ਦੇ ਜ਼ਰੀਏ ਅਮੇਜ਼ਨ ਦੀ ਸਾਈਟ 'ਤੇ ਵਿਕਣ ਵਾਲੇ ਪ੍ਰੋਡਕਟਾਂ ਦਾ ਫੇਕ ਰਿਵਿਊ ਹੋ ਰਿਹਾ ਹੈ। ਇਸ ਬਾਰੇ ਇੱਕੋ ਦਿਨ ਵਿੱਚ ਪ੍ਰੋਡਕਟ ਪੇਜ਼ਾਂ 'ਤੇ ਸੈਂਕੜੇ ਅਨਵੈਰੀਫਾਈਡ ਫਾਈਵ-ਸਟਾਰ ਰਿਵਿਊ ਪੋਸਟ ਕੀਤੇ ਗਏ ਅਤੇ ਕਈ ਉਤਪਾਦਾਂ ਉਤੇ ਮਨਮਰਜ਼ੀ ਦੀ ਰੇਟਿੰਗ ਦੇ ਕੇ 260 ਕਰੋੜ ਗ੍ਰਾਹਕਾਂ ਨੂੰ ਫਸਾਇਆ ਜਾ ਰਿਹਾ ਹੈ।

## ਯੂ ਕੇ ਵਿੱਚ ਭਾਰਤੀ ਪ੍ਰੋਫੈਸਰ ਦੋ ਥਾਂਵਾਂ ਤੋਂ ਤਨਖਾਹ ਲੈਣ ਦਾ ਦੋਸ਼ੀ ਨਿਕਲਿਆ

ਲੰਡਨ, 22 ਅਪ੍ਰੈਲ (ਪੋਸਟ ਬਿਊਰੋ)- ਭਾਰਤੀ ਮੂਲ ਦੇ ਇੱਕ ਮੈਡੀਕਲ ਪ੍ਰੋਫੈਸਰ ਦੇ ਖਿਲਾਫ ਮੌਜੂਦਾ ਯੂਨੀਵਰਸਿਟੀ ਦੀ ਜਾਣਕਾਰੀ ਬਿਨਾਂ ਇੱਕ ਹੋਰ ਯੂਨੀਵਰਸਿਟੀ ਵਿੱਚ ਕੰਮ ਕਰਨ ਤੇ ਤਨਖਾਹ ਲੈਣ ਦੇ ਦੋਸ਼ ਦੀ ਜਾਂਚ ਲਈ ਟ੍ਰਿਬਿਊਨਲ ਜਾਂਚ ਦੇ ਹੁਕਮ ਦਿੱਤੇ ਗਏ ਹਨ। ਉਹ ਦੋਵਾਂ ਥਾਵਾਂ ਤੋਂ ਸਾਲ ਤੋਂ ਵੱਧ ਸਮੇਂ ਤੋਂ ਤਨਖਾਹ ਲੈ ਰਿਹਾ ਸੀ। ਅਖਿਲੇਸ਼ ਰੈੱਡੀ (44) ਨੇ ਮੰਨਿਆ ਹੈ ਕਿ ਉਹ ਕੈਂਬਰਿਜ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਕਾਲਜ ਲੰਡਨ (ਯੂ ਸੀ ਐੱਲ) ਨਾਲ ਸਤੰਬਰ 2015 ਤੋਂ ਨਵੰਬਰ 2016 ਤੱਕ ਕੰਮ ਕਰ ਰਿਹਾ ਸੀ। ਉਸ ਦੇ ਖਿਲਾਫ ਮਾਮਲੇ ਦੀ ਜਾਂਚ ਇਸੇ ਮਹੀਨੇ ਯੂ ਕੇ ਮੈਡੀਕਲ ਪ੍ਰੈਕਟੀਸ਼ਨਰਜ਼ ਵੱਲੋਂ ਕੀਤੀ ਜਾਵੇਗੀ। ਉਸ ਉਤੇ ਦੋਸ਼ ਹੈ ਕਿ ਉਹ ਯੂ ਸੀ ਐੱਲ ਨੂੰ ਦੱਸੇ ਬਿਨਾਂ ਕੈਂਬਰਿਜ ਲਈ ਵੀ ਕੰਮ ਕਰਦਾ ਰਿਹਾ ਅਤੇ ਤਨਖਾਹ ਲੈਂਦਾ ਰਿਹਾ। ਨੀਂਦ ਨਾਲ ਸੰਬੰਧਤ ਰੋਗਾਂ ਦਾ ਮਾਹਿਰ ਅਖਿਲੇਸ਼ ਉਸ ਵੇਲੇ ਚਰਚਾ ਵਿੱਚ ਆਇਆ, ਜਦ ਉਸ ਨੇ ਰੈੱਡ ਬਲੱਡ ਸੈੱਲਜ਼ ਬਾਰੇ ਇੱਕ ਖੋਜ ਕਾਰਜ ਮੁਕੰਮਲ ਕੀਤਾ। ਉਸ ਨੂੰ ਯੂ ਸੀ ਐੱਲ ਵਿੱਚ ਐਕਸਪੈਰੀਮੈਂਟਲ ਨਿਊਰੋਲੋਜੀ ਚੇਅਰ ਵਿੱਚ ਨਿਯੁਕਤ ਕੀਤਾ ਗਿਆ ਸੀ।

ਯੂਨੀਵਰਸਿਟੀ ਕਾਲਜ ਲੰਡਨ ਦੇ ਬੁਲ-ਾਰੇ ਦਾ ਕਹਿਣਾ ਸੀ ਕਿ ਹਾਲੇ ਉਹ ਜਾਂਚ ਮੁਕੰਮਲ ਹੋਣ ਤੱਕ ਕੁਝ ਨਹੀਂ ਕਹਿ ਸਕਦੇ। ਕੈਂਬਰਿਜ ਦੇ ਬੁਲਾਰੇ ਨੇ ਟਿੱਪਣੀ ਤੋਂ ਨਾਂਹ ਕੀਤੀ ਹੈ। ਰੈੱਡੀ ਇਸ ਵੇਲੇ ਯੂਨੀਵਰਸਿਟੀ ਆਫ ਪੈਨਸਿਲਵਿਲੇਨੀਆ ਵਿੱਚ ਫਾਰਮਾਕੋਲੋਜੀ ਦਾ ਪ੍ਰੋਫੈਸਰ ਹੈ। ਅਮਰੀਕਾ ਦੀ ਯੂਨੀਵਰਸਿਟੀ ਨੂੰ ਵੀ ਇਨ੍ਹਾਂ ਦੋਸ਼ਾਂ ਦੀ ਜਾਣਕਾਰੀ ਨਹੀਂ।

# ਆਇਰਲੈਂਡ ਵਿੱਚ ਪੱਤਰਕਾਰ ਕੁੜੀ ਦੀ ਹੱਤਿਆ, ਦੋ ਗ੍ਰਿਫਤਾਰ



ਬੈਲਫਾਸਟ, 22 ਅਪ੍ਰੈਲ (ਪੋਸਟ ਬਿਊਰੋ)- ਉਤਰੀ ਆਇਰਲੈਂਡ ਦੇ ਲੰਡਨਡੇਰੀ ਸ਼ਹਿਰ 'ਚ ਭੜਕੇ ਦੰਗੇ ਦੌਰਾਨ ਨੌਜਵਾਨ ਪੱਤਰਕਾਰ ਲਾਇਰਾ ਮੈਕੀ ਦੇ ਕਤਲ ਦੇ ਦੋਸ਼ 'ਚ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਛਾਪੇ ਦੀ ਕਾਰਵਾਈ ਦੌਰਾਨ ਭੜਕੀ ਹਿੰਸਾ ਵਿੱਚ 29 ਸਾਲਾ ਮੈਕੀ ਨੂੰ ਦੰਗਾਈਆਂ ਨੇ ਗੋਲੀ ਮਾਰ ਦਿੱਤੀ ਸੀ। ਪੁਲਸ ਇਸ ਮਾਮਲੇ ਨੂੰ ਅੱਤਵਾਦੀ ਘਟਨਾ ਮਨੰਦੇ ਹੋਏ ਜਾਂਚ ਕਰ ਰਹੀ ਹੈ। ਇਨਾਮ ਜੇਤੂ ਪੱਤਰਕਾਰ ਮੈਕੀ ਉਤਰੀ ਆਇਰਲਡ ਵਿੱਚ ਦਹਾਕਿਆਂ ਤੋਂ ਚੱਲੀ ਹਿੰਸਾ ਦੇ ਦੌਰ ਵਿੱਚ ਲਾਪਤਾ ਹੋਏ ਲੋਕਾਂ 'ਤੇ ਕਿਤਾਬ ਲਿਖ ਰਹੀ ਸੀ।

ਪੁਲਸ ਨੇ ਕਿਹਾ ਕਿ ਜਾਂਚ ਟੀਮ ਨੇ 18 ਅਤੇ 19 ਸਾਲ ਦੇ ਦੋ ਲੜਕਿਆਂ ਨੂੰ ਇਸ ਕੇਸ ਵਿੱਚ ਗ੍ਰਿਫਤਾਰ ਕੀਤਾ ਹੈ। ਉਤਰੀ ਆਇਰਲੈਂਡ ਵਿੱਚ ਇਸ ਸਮੇਂ ਸਿਆਸੀ ਪਾਰਟੀਆਂ ਦੋ ਥਾਈਂ ਵੰਡੀਆਂ ਹੋਈਆਂ ਹਨ। ਇੱਕ ਵਰਗ ਉਨ੍ਹਾਂ ਲੋਕਾਂ ਦੀ ਹਮਾਇਤ ਕਰਦਾ ਹੈ, ਜਿਹੜਾ ਆਇਰਲੈਂਡ ਨੂੰ ਬ੍ਰਿਟੇਨ ਤੋਂ ਵੱਖ ਕਰਨਾ ਚਾਹੁੰਦੇ ਹਨ, ਦੂਜਾ ਵਰਗ ਬ੍ਰਿਟੇਨ ਦੇ ਨਾਲ ਬਣੇ ਰਹਿਣਾ ਚਾਹੁੰਦਾ ਹੈ। ਇਸ ਘਟਨਾ ਦੀ ਸਾਰੀਆਂ ਪਾਰਟੀਆਂ ਨੇ ਨਿੰਦਾ ਕੀਤੀ ਹੈ। ਨੇਤਾਵਾਂ ਨੇ ਲੋਕਾਂ ਨੂੰ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਵੀ ਕੀਤੀ ਹੈ। ਇਥੋਂ ਦੀਆਂ ਪ੍ਰਮੁੱਖ ਛੇ ਪਾਰਟੀਆਂ ਦੇ ਨੇਤਾਵਾਂ ਨੇ ਸਾਂਝੇ ਬਿਆਨ ਵਿੱਚ ਕਿਹਾ, ਲਾਇਰਾ ਦੀ ਹੱਤਿਆ ਇਥੋਂ ਦੇ ਨਾਗਰਿਕ 'ਤੇ ਹਮਲਾ ਹੈ। ਇਹ ਸ਼ਾਂਤੀ ਅਤੇ ਲੋਕੰਤਤਰੀ ਪ੍ਰਕਿਰਿਆਵਾਂ 'ਤੇ ਹਮਲਾ ਹੈ। ਇਸ ਸਮੇਂ ਸਭ ਨੂੰ ਧੀਰਜ ਰੱਖਣਾ ਚਾਹੀਦਾ ਹੈ। ਨੇਤਾਵਾਂ ਨੇ ਯੂਰਪੀ ਯੂਨੀਅਨ ਨੂੰ ਬ੍ਰਿਟੇਨ ਦੇ ਵੱਖ ਹੋਣ ਦੀ ਯੋਜਨਾ 'ਤੇ ਚਿਤਾਵਨੀ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਕਦਮ ਨਾਲ ਖੇਤਰ ਵਿੱਚ ਅਸਥਿਰਤਾ ਵਧੇਗੀ ਅਤੇ ਅੱਤਵਾਦੀਆਂ ਨੂੰ ਮੌਕਾ ਮਿਲੇਗਾ। ਇਸ ਨਾਲ ਸ਼ਾਂਤੀ ਸਮਝੌਤੇ 'ਤੇ ਵੀ ਖਤਰਾ ਵਧੇਗਾ।

ਉੱਤਰੀ ਆਇਰਲੈਂਡ ਕਰੀਬ ਤਿੰਨ ਦਹਾਕਿਆਂ ਤੱਕ ਭਿਆਨਕ ਹਿੰਸਾ ਦਾ ਸ਼ਿਕਾਰ ਰਿਹਾ ਸੀ। ਇਸ ਵਿੱਚ 3600 ਤੋਂ ਵੱਧ ਲੋਕ ਮਾਰੇ ਗਏ ਸਨ। 1998 'ਚ ਗੁੱਡ ਫਰਾਈਡੇ ਦੇ ਦਿਨ ਹੋਏ ਸਮਝੌਤੇ ਨਾਲ ਇਸ ਹਿੰਸਾ 'ਤੇ ਰੋਕ ਲੱਗੀ ਸੀ। ਹਾਲੇ ਵੀ ਕਈ ਛੋਟੇ ਅੱਤਵਾਦੀ ਗਰੁੱਪ ਸਰਗਰਮ ਹਨ, ਜਿਹੜੇ ਸਮੇਂ ਸਮੇਂ ਹਮਲੇ ਕਰਦੇ ਰਹਿੰਦੇ ਹਨ। ਪੁਲਸ ਦਾ ਕਹਿਣਾ ਹੈ ਕਿ ਗੁੱਡ ਫਰਾਈਡੇ ਸਮਝੌਤੇ ਦਾ ਵਿਰੋਧ ਕਰ ਰਹੇ ਅੱਤਵਾਦੀਆਂ ਨੇ ਵੀਰਵਾਰ ਦੀ ਵਾਰਦਾਤ ਕੀਤੀ ਹੈ। ਪੁਲਸ ਨੇ ਇਸ ਲਈ ਨਿਊ ਆਈ ਆਰ ਏ ਸਮੂਹ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

## ਭਾਰਤੀ ਮੂਲ ਦੀ ਪਹਿਲੀ ਮਹਿਲਾ ਸਾਇੰਸਦਾਨ ਗਗਨਦੀਪ ਕੰਗ 'ਰਾਇਲ ਸੁਸਾਇਟੀ' ਵਿੱਚ ਸ਼ਾਮਲ



ਲੰਡਨ, 22 ਅਪ੍ਰੈਲ (ਪੋਸਟ ਬਿਊਰੋ)- ਰਾਇਲ ਸੁਸਾਇਟੀ ਦੇ 359 ਸਾਲਾ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਭਾਰਤੀ ਮਹਿਲਾ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਵਿੱਚ ਸ਼ਾਮਲ ਹੋਈ ਗਗਨਦੀਪ ਕੰਗ ਪਿੱਛੋਂ ਪੰਜਾਬੀ ਮੂਲ ਦੀ ਹੈ।

ਹਰਿਆਣਾ ਦੇ ਫਰੀਦਾਬਾਦ ਦੀ ਗਗਨਦੀਪ ਨੇ ਅਣਥੱਕ ਮਿਹਨਤ ਨਾਲ ਇਸ ਸੂਚੀ ਵਿੱਚ ਆਪਣੀ ਥਾਂ ਬਣਾਈ ਹੈ। ਰਾਇਲ ਸੁਸਾਇਟੀ ਦੀ 2019 ਦੀ ਸੂਚੀ ਵਿੱਚ ਸ਼ਾਮਲ ਭਾਰਤੀ ਮੂਲ ਦੇ ਲੋਕਾਂ ਵਿੱਚ ਯੂਸਫ ਹਮੀਦ, ਪ੍ਰੋ. ਗਗਨਦੀਪ ਕੰਗ, ਪ੍ਰੋ. ਗੁਰਦਿਆਲ ਬਸਰਾ, ਪ੍ਰੋ. ਮੰਜੁਲ ਭਾਰਗਵ, ਪ੍ਰੋ. ਅਨੰਤ ਪਾਰਖ, ਪ੍ਰੋ. ਅਕਸ਼ੈ ਵੇਂਕਟੇਸ਼ ਸ਼ਾਮਲ ਹਨ। ਦਵਾਈ ਕੰਪਨੀ ਸਿਪਲਾ ਦੇ 82 ਸਾਲਾ ਚੇਅਰਮੈਨ ਨੂੰ ਵੀ ਇਸ ਸੰਸਥਾ ਦਾ ਸਨਮਾਨਤ ਮੈਂਬਰ ਬਣਾਇਆ ਗਿਆ ਹੈ। ਰਾਇਲ ਸੁਸਾਇਟੀ ਬ੍ਰਿਟੇਨ ਤੇ ਕਾਮਨਵੈੱਲਥ ਦੇਸ਼ਾਂ ਦੀ ਆਜ਼ਾਦ ਵਿਗਿਆਨਕ ਅਕਾਦਮੀ ਹੈ, ਜਿਹੜੀ ਇਸ ਖੇਤਰ 'ਚ ਉਤਮਤਾ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ। ਹਮੀਦ ਤੇ ਗਗਨਦੀਪ ਤੋਂ ਇਲਾਵਾ ਇਸ 'ਚ 51 ਹੋਰ ਨਵੇਂ ਮੈਂਬਰਾਂ ਤੇ 10 ਨਵੇਂ ਵਿਦੇਸ਼ੀ ਮੈਂਬਰਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਨੋਬਲ ਇਨਾਮ ਜੇਤੂ ਰਾਇਲ ਸੁਸਾਇਟੀ ਦੇ ਭਾਰਤੀ ਮੂਲ ਦੇ ਪ੍ਰੋ. ਵੈਂਕੀ ਰਾਮਕ੍ਰਿਸ਼ਨਨ ਨੇ ਕਿਹਾ ਹੈ ਕਿ ਰਾਇਲ ਸੁਸਾਇਟੀ ਦੇ ਮਾਣ ਮੱਤੇ ਇਤਿਹਾਸ ਵਿੱਚ ਸਾਡੀ ਸ਼ਮੂਲੀਅਤ ਨੇ ਸਾਨੂੰ ਲਗਾਤਾਰ ਜੋੜੀ ਰੱਖਿਆ ਹੈ। ਉਨ੍ਹਾਂ ਕਿਹਾ ਕਿ ਸਾਡਾ ਟੀਚਾ ਹੈ ਕਿ 'ਵਿਗਿਆਨ ਦੀ ਵਰਤੋਂ ਮਨੁੱਖਤਾ ਦੇ ਲਾਭ ਲਈ' ਹੋਵੇ। ਜ਼ਿਕਰ ਯੋਗ ਹੈ ਕਿ ਗਗਨਦੀਪ ਕੰਗ 2006 ਵਿੱਚ ਵੁਮੈਨ ਬਾਇਓਸਾਇੰਟਿਸਟ ਆਫ ਦਾ ਯੀਅਰ ਤੋਂ ਲੈ ਕੇ 2016 ਵਿੱਚ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ ਤੱਕ ਸਮੇਤ ਦੇਸ਼ ਵਿਦੇਸ਼ ਵਿੱਚ ਕਈ ਅਹਿਮ ਪ੍ਰਾਪਤੀਆਂ ਕਰ ਚੁੱਕੀ ਹੈ।

## ਬੱਚਿਆਂ ਨੂੰ ਤੰਗ ਕਰਨ ਦੇ ਦੋਸ਼ ਵਿੱਚ ਅਮਰੀਕੀ ਜੋੜੇ ਨੂੰ 25 ਸਾਲ ਕੈਦ



ਵਾਸ਼ਿੰਗਟਨ, 22 ਅਪ੍ਰੈਲ (ਪੋਸਟ ਬਿਊਰੋ)- ਬੱਚਿਆਂ ਨੂੰ ਤੰਗ ਕਰਨ ਦੇ ਦੋਸ਼ ਵਿੱਚ ਇੱਕ ਅਮਰੀਕੀ ਜੋੜੇ ਨੂੰ 25 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਇਸ ਜੋੜੇ ਨੂੰ ਕੈਲੀਫੋਰਨੀਆ ਵਿੱਚ ਆਪਣੇ ਘਰ ਬੱਚਿਆਂ ਨੂੰ ਸਾਲਾਂ ਤੱਕ ਕੈਦ ਰੱਖਣ ਤੇ ਉਨ੍ਹਾਂ ਨੂੰ ਤੰਗ ਕਰਨ ਦੇ ਮਾਮਲੇ ਵਿੱਚ ਦੋਸ਼ੀ ਪਾਇਆ ਗਿਆ ਹੈ?

ਅਸਲ ਵਿੱਚ ਇਸ ਜੋੜੇ ਦੀਆਂ ਬੇਟੀਆਂ ਵਿੱਚੋਂ ਇੱਕ ਨੇ ਸ਼ੁੱਕਰਵਾਰ ਨੂੰ ਸੁਣਵਾਈ ਦੌਰਾਨ ਕਿਹਾ ਕਿ ਮੇਰੇ ਮਾਤਾ ਪਿਤਾ ਨੇ ਮੇਰੇ ਕੋਲੋਂ ਮੇਰੀ ਪੂਰੀ ਜ਼ਿੰਦਗੀ ਲੈ ਲਈ, ਪਰ ਅੱਜ ਮੈਂ ਆਪਣੀ ਜ਼ਿੰਦਗੀ ਵਾਪਸ ਜੀਅ ਰਹੀ ਹਾਂ। ਉਕਤ ਲੜਕੀ ਉਹ ਦੋ ਬੱਚਿਆਂ ਵਿੱਚੋਂ ਇੱਕ ਹੈ, ਜੋ ਅੱਜ ਕੱਲ੍ਹ ਕਾਲਜ 'ਚ ਹਨ। ਉਹ ਅਦਾਲਤ 'ਚ ਗਵਾਹੀ ਦੇਣ ਆਈ ਕਿ ਉਹ ਆਪਣੇ ਮਾਤਾ-ਪਿਤਾ, ਡੇਵਿਡ ਤੇ ਲੂਈਸ ਟਰਪਿਨ ਹੱਥੋਂ ਕਿਵੇਂ ਪੀੜਤ ਹੋਏ। ਜੋੜੇ ਨੂੰ ਪਿਛਲੇ ਸਾਲ ਦੇ ਸ਼ੁਰੂ ਵਿੱਚ ਤਦ ਗ੍ਰਿਫਤਾਰ ਕੀਤਾ ਗਿਆ ਸੀ, ਜਦੋਂ ਉਨ੍ਹਾਂ ਦੇ ਦੋ ਤੋਂ ਲੈ ਕੇ 29 ਸਾਲ ਦੀ ਉਮਰ ਦੇ 13 ਬੱਚਿਆਂ ਵਿੱਚੋਂ ਇੱਕ ਪੈਰਿਸ ਵਿਚਲੇ ਘਰ ਤੋਂ ਭੱਜਣ ਵਿੱਚ ਕਾਮਯਾਬ ਰਿਹਾ ਤੇ ਫਿਰ ਪੁਲਸ ਨੂੰ ਸੂਚਨਾ ਦਿੱਤੀ ਸੀ। ਅਧਿਕਾਰੀਆਂ ਨੇ ਕਿਹਾ ਕਿ ਦੋਵੇਂ ਭਰਾ-ਭੈਣ ਬਾਹਰੀ ਦੁਨੀਆ ਤੋਂ ਵੱਖ ਹੋ ਗਏ ਸਨ ਤੇ ਉਨ੍ਹਾਂ ਦੀ ਅਕਸਰ ਡਾਕਟਰੀ ਜਾਂਚ ਨਹੀਂ ਕਰਵਾਈ ਜਾਂਦੀ ਸੀ ਤੇ ਭੁੱਖਾ ਰੱਖਿਆ ਜਾਂਦਾ ਸੀ। ਬੱਚਿਆਂ ਨੂੰ ਕਦੇ ਕਦੇ ਪੂਰਾ ਹਫਤਾ ਜਾਂ ਮਹੀਨਿਆਂ ਤੱਕ ਬੰਨ੍ਹ ਕੇ ਰੱਖਿਆ ਜਾਂਦਾ ਸੀ। ਪੀੜਤਾਂ ਨੇ ਜਾਂਚ ਅਧਿਕਾਰੀਆਂ ਨੂੰ ਦੱਸਿਆ ਕਿ ਸ਼ੁਰੂ ਵਿੱਚ ਉਨ੍ਹਾਂ ਨੂੰ ਰੱਸੀ ਨਾਲ ਬੰਨ੍ਹ ਕੇ ਰੱਖਿਆ ਜਾਂਦਾ ਸੀ, ਪਰ ਜਦ ਇੱਕ ਜਣਾ ਭੱਜ ਗਿਆ ਤਾਂ ਮਾਤਾ-ਪਿਤਾ ਨੇ ਆਪਣੇ ਕੁਝ ਬੱਚਿਆਂ ਨੂੰ ਬੈੱਡ ਨਾਲ ਬੰਨ੍ਹਣ ਲਈ ਜੰਜੀਰਾਂ ਵਰਤੀਆਂ ਸਨ। ਉਨ੍ਹਾਂ ਦੇ ਲੜਕਿਆਂ ਵਿੱਚੋਂ ਇੱਕ ਨੇ ਸ਼ੁੱਕਰਵਾਰ ਨੂੰ ਅਦਾਲਤ ਵਿੱਚ ਦੱਸਿਆ ਕਿ ਵੱਡੇ ਹੋਣ ਤੱਕ ਅਸੀਂ ਜੋ ਤੰਗੀਆਂ ਤੇ ਪ੍ਰੇਸ਼ਾਨੀਆਂ ਬਰਦਾਸ਼ਤ ਕੀਤੀਆਂ ਹਨ, ਉਨ੍ਹਾਂ ਨੂੰ ਮੈਂ ਸ਼ਬਦਾਂ 'ਚ ਬਿਆਨ ਨਹੀਂ ਕਰ ਸਕਦਾ।

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000 Off Any New Basement
Services: Complete Basement, Tiles, Bathrooms, Plumbing, Laminate, Hardwood Floor, Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

Honesty, Reliability, Commitment
Hira Randhawa Broker
HomeLife SilverCity
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 — William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 — Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 — Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 — Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For: RESP, SUPER -VISA,& TRAVEL Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
• Low Down payment/Flexible Terms
• Large Inventory of New Trucks & Trailers
• Quick Approvals • Honest Service
• Best Rate in Town • Offices all over Canada
For more Information Contact
Rajdeep: 647.707.4167
Office: 905.678.2424

MICHELIN HANKOOK Continental ROADLUX BFGoodrich AEOLUS COMPASAL
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Chevron Delo
Special OIL CHANGE Rates
Brake & Drum Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
1715 Sismet Rd, Mississauga | Call Ranjit: 416.624.8351 | Tel: 905.625.0055

# ਅੰਮ੍ਰਿਤਸਰ ਤੋਂ ਲੋਕ ਸਭਾ ਲਈ ਭਾਜਪਾ ਨੇ ਹਰਦੀਪ ਪੁਰੀ ਨੂੰ ਉਮੀਦਵਾਰ ਬਣਾਇਆ

ਅੰਮ੍ਰਿਤਸਰ, 22 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਅਮ੍ਰਿਤਸਰ ਪਾਰਲੀਮੈਂਟ ਹਲਕੇ ਸਮੇਤ ਭਾਰਤੀ ਜਨਤਾ ਪਾਰਟੀ ਨੇ ਅੱਜ ਸੱਤ ਸੀਟਾਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਅੰਮ੍ਰਿਤਸਰ ਲੋਕ ਸਭਾ ਹਲਕੇ ਲਈ ਭਾਜਪਾ ਨੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਆਪਣਾ ਉਮੀਦਵਾਰ ਬਣਾਇਆ ਹੈ।

ਵਰਨਣ ਯੋਗ ਹੈ ਕਿ ਯੂ ਐੱਨ ਓ ਵਿੱਚ ਭਾਰਤ ਦੇ ਪੱਕੇ ਦੂਤ ਰਹਿ ਚੁੱਕੇ ਹਰਦੀਪ ਸਿੰਘ ਪੁਰੀ ਅੱਜ ਕੱਲ੍ਹ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵਿਚ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਬਾਰੇ ਆਜ਼ਾਦ ਚਾਰਜ ਵਾਲੇ ਰਾਜ ਮੰਤਰੀ ਹਨ। ਉਹ ਯੂ ਐੱਨ ਓ ਵਿੱਚ ਭਾਰਤੀ ਦੂਤ ਵਜੋਂ ਵਿਦੇਸ਼ ਸੇਵਾ ਦੀ ਨੌਕਰੀ ਤੋਂ ਰਿਟਾਇਰ ਹੋਣ ਪਿੱਛੋਂ ਭਾਜਪਾ ਵਿੱਚ ਸ਼ਾਮਲ ਹੋਏ ਤੇ ਕੇਂਦਰ ਦੇ ਮੰਤਰੀ ਬਣਾਏ ਗਏ ਸਨ। ਪੰਜਾਬ ਵਿਚ ਅਕਾਲੀ ਦਲ ਨਾਲ ਸਮਝੌਤੇ ਹੇਠ ਭਾਜਪਾ ਕੋਲ ਕੁੱਲ 13 ਵਿਚੋਂ 3 ਸੀਟਾਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਹਨ। ਬਾਕੀ 10 ਸੀਟਾਂ ਉਤੇ ਭਾਜਪਾ ਦੇ ਭਾਈਵਾਲ ਅਕਾਲੀ ਦਲ ਦੇ ਉਮੀਦਵਾਰ ਚੋਣ ਲੜਨਗੇ। ਭਾਜਪਾ ਨੇ ਆਪਣੇ ਕੋਟੇ ਦੀਆਂ 3 ਸੀਟਾਂ ਵਿਚੋਂ ਅਜੇ ਅੰਮ੍ਰਿਤਸਰ ਲਈ ਹਰਦੀਪ ਸਿੰਘ ਪੁਰੀ ਦੇ ਨਾਂਅ ਦਾ ਐਲਾਨ ਕੀਤਾ ਹੈ। ਇਸ ਸੀਟ ਉਤੇ ਭਾਜਪਾ ਵੱਲੋਂ ਪਹਿਲਾਂ ਸਾਬਕਾ ਆਈ ਪੀ ਐੱਸ ਅਫਸਰ ਤੇ ਪੁਡੂਚੇਰੀ ਦੀ ਲੈਫਟੀਨੈਂਟ ਗਵਰਨਰ ਕਿਰਨ ਬੇਦੀ ਤੇ ਫਿਲਮੀ ਅਦਾਕਾਰ ਸੰਨੀ ਦਿਉਲ ਦੇ ਨਾਂਅ ਲਏ ਜਾ ਰਹੇ ਸਨ, ਪਰ ਟਿਕਟ ਆਖਰ ਵਿੱਚ ਹਰਦੀਪ ਸਿੰਘ ਪੁਰੀ ਨੂੰ ਦੇ ਦਿੱਤੀ ਗਈ ਹੈ।

ਅੱਜ ਭਾਜਪਾ ਨੇ ਦਿੱਲੀ ਦੀਆਂ ਕੁੱਲ ਸੱਤਾਂ ਵਿੱਚੋਂ 4 ਸੀਟਾਂ ਉਤੇ ਵੀ ਆਪਣੇ ਉਮੀਦਵਾਰਾਂ ਦੇ ਨਾਂ ਐਲਾਨ ਕਰ ਦਿੱਤੇ ਹਨ। ਚਾਂਦਨੀ ਚੌਕ ਤੋਂ ਡਾ. ਹਰਸ਼ਵਰਧਨ, ਨਾਰਥ ਈਸਟ ਦਿਲੀ ਤੋਂ ਮਨੋਜ ਤਿਵਾੜੀ, ਵੈਸਟ ਦਿੱਲੀ ਤੋਂ ਪਰਵੇਸ਼ ਵਰਮਾ, ਸਾਊਥ ਦਿੱਲੀ ਤੋਂ ਰਮੇਸ਼ ਵਿਧੂੜੀ ਨੂੰ ਟਿਕਟ ਦਿੱਤੀ ਗਈ ਹੈ। ਇਸ ਦੇ ਨਾਲ ਹੀ ਮੱਧ ਪ੍ਰਦੇਸ਼ ਦੇ ਇੰਦੌਰ ਹਲਕੇ ਤੋਂ ਸ਼ੰਕਰ ਲਖਨਵੀ ਤੇ ਉੱਤਰ ਪ੍ਰਦੇਸ਼ ਦੇ ਘੋਸੀ ਹਲਕੇ ਤੋਂ ਹਰੀ ਨਾਰਾਇਣ ਰਾਜਭਰ ਭਾਜਪਾ ਦੇ ਉਮੀਦਵਾਰ ਬਣਾਏ ਗਏ ਹਨ।

ਦੂਸਰੇ ਪਾਸੇ ਅੱਜ ਹੀ ਕਾਂਗਰਸ ਪਾਰਟੀ ਨੇ ਹਰਿਆਣਾ ਵਿੱਚ ਪਾਰਲੀਮੈਂਟ ਚੋਣਾਂ ਬਾਰੇ ਏਥੋਂ ਦੀਆਂ 10 ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਵਾਰ ਕਾਂਗਰਸ ਨੇ ਫਰੀਦਾਬਾਦ ਤੋਂ ਲਲਿਤ ਨਾਗਰ ਦੀ ਥਾਂ ਅਵਤਾਰ ਸਿੰਘ ਭੜਾਨਾ ਨੂੰ ਟਿਕਟ ਦਿੱਤੀ ਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਸੋਨੀਪਤ ਤੋਂ ਟਿਕਟ ਦੇ ਕੇ ਵੱਡੀ ਚੁਣੌਤੀ ਪੇਸ਼ ਕੀਤੀ ਹੈ। ਕਰਨਾਲ ਤੋਂ ਕੁਲਦੀਪ ਸ਼ਰਮਾ ਅਤੇ ਹਿਸਾਰ ਹਲਕੇ ਲਈ ਕੁਲਦੀਪ ਬਿਸ਼ਨੋਈ ਦੇ ਪੁੱਤਰ ਭਵਿਆ ਬਿਸ਼ਨੋਈ ਨੂੰ ਟਿਕਟ ਦੇਣ ਦੇ ਨਾਲ ਕੁਰਕਸ਼ੇਤਰ ਤੋਂ ਨਿਰਮਲ ਸਿੰਘ ਨੂੰ ਉਮੀਦਵਾਰ ਬਣਾਇਆ ਗਿਆ ਹੈ।

**Beauty Parlour ਲਈ ਲੜਕੀਆਂ ਦੀ ਲੋੜ ਹੈ**

Beauty/Hair Salon in **Mississauga** ਲਈ **hair cutting (Gents/Ladies)** ਅਤੇ **Threading/waxing** ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ

**Off: 905-814-7400**
**Ph: 416-566-9678**

# ਜਗਮੀਤ ਸਿੰਘ ਬਰਾੜ 41 ਸਾਲਾਂ ਬਾਅਦ ਫਿਰ ਅਕਾਲੀ ਦਲ ਵਿੱਚ ਸ਼ਾਮਲ

## *ਵੱਡੇ ਬਾਦਲ ਨੇ ਕਿਹਾ, ਜਗਮੀਤ ਦੇ ਆਏ ਤੋਂ ਬੜੀ ਤਾਕਤ ਮਿਲੇਗੀ



ਮੁਕਤਸਰ ਸਾਹਿਬ, 22 ਅਪਰੈਲ, (ਪੋਸਟ ਬਿਊਰੋ)- ਇਕਤਾਲੀ ਸਾਲ ਪਹਿਲਾਂ ਪੰਜਾਬ ਦੇ ਅਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਨਿੱਜੀ ਵਿਰੋਧਾਂ ਕਾਰਨ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਆਏ ਤੇ 'ਪੰਜਾਬ ਦੀ ਆਵਾਜ਼' ਕਹਾਉਣ ਵਾਲੇ ਤੇਜ਼-ਤੱਰਾਰ ਬੁਲਾਰੇ ਅਤੇ ਸਾਬਕਾ ਪਾਰਲੀਮੈਂਟ ਮੈਂਬਰ ਜਗਮੀਤ ਸਿੰਘ ਬਰਾੜ ਅੱਜ ਫਿਰ ਮੁਕਤਸਰ ਸਾਹਿਬ ਵਿੱਚ ਓਸੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਵਿੱਚ ਚਲੇ ਗਏ। ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਗਮੀਤ ਸਿੰਘ ਬਰਾੜ ਨੂੰ ਅਕਾਲੀ ਦਲ ਵਿੱਚ ਮੁੜਨ ਉੱਤੇ ਸਿਰਪਾ ਦੇ ਸਨਮਾਨਿਤ ਕੀਤਾ। ਇਸ ਮੌਕੇ ਜਗਮੀਤ ਸਿੰਘ ਬਰਾੜ ਦੇ ਨਾਲ ਉਨ੍ਹਾਂ ਦੇ ਭਰਾ ਰਿਪਜੀਤ ਸਿੰਘ ਬਰਾੜ ਸਾਬਕਾ ਵਿਧਾਇਕ ਤੇ ਸੈਂਕੜੇ ਹੋਰ ਸਾਥੀ ਵੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਦਾਅਵਾ ਕੀਤਾ ਗਿਆ ਹੈ। ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਣ-ਸਤਿਕਾਰ ਦੇਣ ਦਾ ਭਰੋਸਾ ਦਿੱਤਾ ਹੈ।

ਮੁਕਤਸਰ ਸਾਹਿਬ ਵਿੱਚ ਅੱਜ ਇਸ ਅਮਲ ਦੌਰਾਨ ਸਾਬਕਾ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਜਗਮੀਤ ਸਿੰਘ ਬਰਾੜ ਦੇ ਆਉਣ ਨਾਲ ਉਨ੍ਹਾਂ ਦੇ ਤਜਰਬੇ ਤੇ ਸੂਝ-ਬੂਝ ਦਾ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਨੂੰ ਵੱਡਾ ਲਾਭ ਮਿਲੇਗਾ। ਵੱਡੇ ਬਾਦਲ ਨੇ ਕਿਹਾ ਕਿ ਜਗਮੀਤ ਸਿੰਘ ਬਰਾੜ ਦੇ ਪਿਤਾ ਗੁਰਮੀਤ ਸਿੰਘ ਅਤੇ ਮੈਂ ਇਕੱਠੇ ਕੰਮ ਕੀਤਾ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਤੋਂ ਬਾਅਦ ਅਕਾਲੀ ਦਲ ਸਭ ਤੋਂ ਪੁਰਾਣੀ ਪਾਰਟੀ ਹੈ, ਪਰ ਦੇਸ਼ ਤੇ ਪੰਜਾਬ ਲਈ ਅਤੇ ਪੰਜਾਬ ਦੇ ਹੱਕਾਂ ਲਈ ਸਿਰਫ਼ ਅਕਾਲੀ ਦਲ ਨੇ ਲੜਾਈ ਲੜੀ ਹੈ। ਜਗਮੀਤ ਸਿੰਘ ਬਰਾੜ ਦੀ ਅਕਾਲੀ ਦਲ ਵਿੱਚ ਆਮਦ ਉੱਤੇ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਉਨ੍ਹਾਂ ਦੇ ਮੁਕਾਬਲੇ ਚੋਣਾਂ ਲੜ ਕੇ ਮੈਂ ਬੜਾ ਕੁਝ ਸਿਖਿਆ ਸੀ ਅਤੇ ਮੇਰੇ ਲਈ ਵਧੀਆ ਤਜਰਬਾ ਸੀ, ਪਰ ਅੱਜ ਉਨ੍ਹਾਂ ਦੀ ਘਰ ਵਾਪਸੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਜਗਮੀਤ ਸਿੰਘ ਬਰਾੜ ਦੇ ਆਉਣ ਨਾਲ ਅਕਾਲੀ ਦਲ ਨੂੰ ਸਾਰੇ ਪੰਜਾਬ ਵਿੱਚ ਤਾਕਤ ਮਿਲੇਗੀ।

ਇਸ ਮੌਕੇ ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਮੈਂ ਕਾਂਗਰਸ ਵਿੱਚ ਹੁੰਦਿਆਂ ਹੋਇਆਂ ਵੀ ਪੰਜਾਬ ਦੇ ਪਾਣੀਆਂ ਦਾ ਮੁੱਦਾ ਚੁੱਕਿਆ ਸੀ, ਜਿਸ ਕਾਰਨ ਕਾਂ-ਗਰਸ ਨੇ ਮੈਨੂੰ ਬਾਹਰਲਾ ਗੇਟ ਦਿਖਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਮੈਂ ਅਕਾਲੀ ਦਲ ਦਾ ਸਿਪਾਹੀ ਬਣ ਕੇ ਕੰਮ ਕਰਾਂਗਾ ਤੇ ਅਕਾਲੀ ਦਲ ਅਤੇ ਭਾਜਪਾ ਸਾਰੀਆਂ 13 ਸੀਟਾਂ ਉੱਤੇ ਜਿੱਤਣਗੇ।

ਜਗਮੀਤ ਸਿੰਘ ਬਰਾੜ ਦੀ ਦਲ-ਬਦਲੀ ਹੋਣ ਮੌਕੇ ਕੇਂਦਰ ਦੀ ਮੰਤਰੀ ਹਰਸਿਮਰਤ ਕੌਰ ਬਾਦਲ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ, ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਮੁਕਤਸਰ ਸਾਹਿਬ ਦੇ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਯੂਥ ਅਕਾਲੀ ਦਲ ਦੇ ਮਾਲਵਾ ਜੋਨ ਦੇ ਇੰਚਾਰਜ ਪਰਮਬੰਸ ਸਿੰਘ ਬੰਟੀ ਰੋਮਾਣਾ, ਮਲੋਟ ਦੇ ਵਿਧਾਇਕ ਹਰਪ੍ਰੀਤ ਸਿੰਘ ਕੋਟਭਾਈ, ਹਲਕਾ ਗਿੱਦੜਬਾਹਾ ਦੇ ਇੰਚਾਰਜ ਹਰਦੀਪ ਸਿੰਘ ਡਿੰਪੀ ਢਿੱਲੋਂ ਤੇ ਮੁਕਤਸਰ ਜ਼ਿਲੇ ਦੇ ਬਹੁਤ ਸਾਰੇ ਅਕਾਲੀ ਆਗੂ ਤੇ ਵਰਕਰ ਉਚੇਚੇ ਹਾਜ਼ਰ ਸਨ।

# ਪੰਝੀ ਸਾਲਾਂ ਪਿੱਛੋਂ ਮਾਇਆਵਤੀ ਤੇ ਮੁਲਾਇਮ ਇਕੋ ਮੰਚ ਉਤੇ

ਲਖਨਊ, 22 ਅਪਰੈਲ, (ਪੋਸਟ ਬਿਊਰੋ)- ਸਾਰੀ ਦੁਨੀਆ ਵਿੱਚ ਕਿਹਾ ਜਾਂਦਾ ਹੈ ਕਿ ਰਾਜਨੀਤੀ ਵਿਚ ਸਭ ਕੁਝ ਸੰਭਵ ਹੈ ਤੇ ਲਗਭਗ ਇਹੀ ਕੁਝ ਇਸ ਵਕਤ ਉੱਤਰ ਪ੍ਰਦੇਸ਼ ਵਿਚ ਹੋ ਰਿਹਾ ਹੈ, ਜਿੱਥੇ 25 ਸਾਲ ਪਿੱਛੋਂ ਇਕ ਵਾਰ ਫਿਰ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਅਤੇ ਸਮਾਜਵਾਦੀ ਪਾਰਟੀ ਦੇ ਮੋਢੀ ਮੁਲਾਇਮ ਸਿੰਘ ਅੱਜ ਇਕੋ ਮੰਚ ਉੱਤੇ ਬੈਠੇ ਅਤੇ ਹੋਰ ਪਾਰਟੀਆਂ ਵੱਲ ਚਾਂਦਮਾਰੀ ਕਰਦੇ ਹੋਏ ਦਿਖਾਈ ਦੇ ਗਏ ਹਨ।

ਉੱਤਰ ਪ੍ਰਦੇਸ਼ ਵਿੱਚ ਬਹੁ-ਚਰਚਿਤ ਗੈਸਟ ਹਾਊਸ ਕਾਂਡ ਦੇ 25 ਸਾਲਾਂ ਪਿੱਛੋਂ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦਾ ਗਠਜੋੜ ਹੋਇਆ ਹੈ, ਮਾਇਆਵਤੀ ਅਤੇ ਮੁਲ-ਾਇਮ ਸਿੰਘ ਯਾਦਵ ਅੱਜ ਇਕ ਸਾਂਝੀ ਰੈਲੀ ਵਿਚ ਫਿਰ ਇਕੱਠੇ ਨਜ਼ਰ ਆਏ ਹਨ। ਇਸ ਰੈਲੀ ਵਿਚ ਮੁਲਾਇਮ ਸਿੰਘ ਤੋਂ ਇਲਾਵਾ ਮਾਇਆਵਤੀ ਅਤੇ ਅਖਿਲੇਸ਼ ਸਿੰਘ ਯਾਦਵ ਸਮੇਤ ਦੋਵਾਂ ਪਾਰਟੀਆਂ ਦੇ ਕਈ ਵੱਡੇ ਆਗੂ ਮੌਜੂਦ ਸਨ। ਰੈਲੀ ਨੂੰ ਸੰਬੋਧਨ ਕਰਦੇ ਹੋਏ ਮੁਲਾਇਮ ਸਿੰਘ ਯਾਦਵ ਨੇ ਇਸ ਰਾਜ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਪਹਿਲਾਂ ਤੋਂ ਵੀ ਵੱਧ ਵੋਟਾਂ ਨਾਲ ਜਿਤਾਓ। ਉਨ੍ਹਾਂ ਕਿਹਾ ਕਿ ਮਾਇਆਵਤੀ ਸਾਡੇ ਲਈ ਵੋਟਾਂ ਮੰਗਣ ਆਏ ਹਨ ਅਤੇ ਮੈਂ ਉਨ੍ਹਾਂ ਦਾ ਅਹਿਸਾਨ ਕਦੇ ਵੀ ਨਹੀਂ ਭੁੱਲਾਂਗਾ। ਅਖਿਲੇਸ਼ ਸਿੰਘ ਯਾਦਵ ਨੇ ਕਿਹਾ ਕਿ ਮਾਇਆਵਤੀ ਦੇ ਸਹਿਯੋਗ ਨਾਲ ਅਸੀਂ ਸਾਰੇ ਲੋਕ ਮੈਨਪੁਰੀ ਦੀ ਜਨਤਾ ਦੇ ਆਗੂ ਮੁਲਾਇਮ ਸਿੰਘ ਦੀ ਇਤਿਹਾ-ਸਕ ਜਿੱਤ ਲਈ ਮਦਦ ਕਰਾਂਗੇ। ਉਨ੍ਹਾ ਕਿਹਾ ਕਿ ਅਸੀਂ ਸਾਰਿਆਂ ਨੇ ਮਿਲ ਕੇ 'ਚੌਕੀਦਾਰ' ਦੀ ਚੌਕੀ ਖੋਹਣੀ ਹੈ।

ਮਾਇਆਵਤੀ ਨੇ ਅੱਜ ਦੀ ਇਸ ਸਟੇਜ ਤੋਂ ਕਿਹਾ ਕਿ ਆਜ਼ਾਦੀ ਮਗਰੋਂ ਲੰਮਾ ਸਮਾਂ ਕਾਂਗਰਸ ਤੇ ਭਾਜਪਾ ਦੀ ਸੱਤਾ ਰਹੀ ਹੈ। ਕਾਂਗਰਸ ਨੂੰ ਆਪਣੀਆਂ ਗ਼ਲਤ ਨੀਤੀਆਂ ਕਾਰਨ ਕੇਂਦਰ ਤੇ ਰਾਜਾਂ ਵਿੱਚ ਵੀ ਸੱਤਾ ਗੁਆਉਣੀ ਪਈ ਹੈ ਤੇ ਇਸ ਵਾਰ ਭਾਜਪਾ ਨੂੰ ਹਟਾਵਾਂਗੇ। ਉਨ੍ਹਾਂ ਕਿਹਾ ਕਿ ਗ਼ਲਤ ਨੀਤੀਆਂ ਕਾਰਨ ਭਾਜਪਾ ਕਈ ਰਾਜਾਂ ਵਿਚ ਹਾਰੀ ਹੈ, 'ਚੌਕੀਦਾਰ' ਕਿੰਨੀ ਵੀ ਤਾਕਤ ਲਾਵੇ, ਭਾਜਪਾ ਹਾਰੇਗੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਿਹੜੇ ਵਾਅਦੇ ਕੀਤੇ ਸਨ, ਉਨ੍ਹਾਂ ਦਾ ਕੀ ਹੋਇਆ? ਮਾਇਆਵਤੀ ਨੇ ਕਿਹਾ; ਵਿਰੋਧੀ ਧਿਰਾਂ ਦੇ ਬਹਿਕਾਵੇ ਵਿੱਚ ਨਹੀਂ ਆਉਣਾ, ਸਾਡੀ ਸਰਕਾਰ ਬਣੀ ਤਾਂ ਗ਼ਰੀਬਾਂ ਨੂੰ ਰੁਜ਼ਗਾਰ ਦੇਵਾਂਗੇ।

# ਪ੍ਰੇਮੀ ਨੂੰ ਘਰ ਬੁਲਾ ਕੇ ਮਹਿਲਾ ਨੇ ਪਤੀ ਨਾਲ ਮਿਲ ਕੇ ਮਾਰਿਆ



ਸਮਰਾਲਾ, 22 ਅਪ੍ਰੈਲ (ਪੋਸਟ ਬਿਊਰੋ)- ਕਕਰਾਲਾਂ ਖ਼ੁਰਦ ਦੇ ਵਾਸੀ ਗੁਰਜੰਟ ਸਿੰਘ (50) ਨੂੰ ਪਿੰਡ ਕੋਟਲਾ ਵਿੱਚ ਓਦੋਂ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ, ਜਦ ਉਹ ਕੋਟਲਾ ਪਿੰਡ ਦੇ ਅਵਤਾਰ ਸਿੰਘ ਦੀ ਪਤਨੀ ਸੰਦੀਪ ਕੌਰ ਨੂੰ ਮਿਲਣ ਗਿਆ ਸੀ। ਜਦ ਉਹ ਅਵਤਾਰ ਸਿੰਘ ਦੇ ਘਰ ਗਿਆ ਤਾਂ ਅਵਤਾਰ ਸਿੰਘ ਉਸ ਨੂੰ ਕੁੱਟਣ ਲੱਗਾ ਤੇ ਇਸ ਵਿੱਚ ਉਸ ਦੀ ਪਤਨੀ ਸੰਦੀਪ ਕੌਰ ਨੇ ਵੀ ਉਸ ਦਾ ਸਾਥ ਦਿੱਤਾ।

ਪਤਾ ਲੱਗਾ ਹੈ ਕਿ ਗੁਰਜੰਟ ਸਿੰਘ ਦੇ ਤਾਏ ਦਾ ਬੇਟਾ ਜਸਦੇਵ ਸਿੰਘ ਵੀ ਮੋਟਰ ਸਾਈਕਲ 'ਤੇ ਉਸ ਦੇ ਨਾਲ ਗਿਆ ਸੀ, ਜੋ ਗੁਰਜੰਟ ਸਿੰਘ ਨੂੰ ਕੁੱਟਦੇ ਦੇਖ ਕੇ ਦੌੜ ਗਿਆ ਅਤੇ ਪੁਲਸ ਨੂੰ ਸੂਚਨਾ ਦਿੱਤੀ। ਉਸ ਨੇ ਪੁਲਸ ਨੂੰ ਬਿਆਨ ਦਿੱਤੇ ਕਿ ਰਾਤ ਗੁਰਜੰਟ ਸਿੰਘ ਉਸ ਨੂੰ ਪਿੰਡ ਕੋਟਲਾ ਵਿੱਚ ਅਵਤਾਰ ਸਿੰਘ ਦੇ ਘਰ ਇਹ ਕਹਿ ਕੇ ਲੈ ਗਿਆ ਸੀ ਕਿ ਅਵਤਾਰ ਸਿੰਘ ਦੀ ਪਤਨੀ ਨਾਲ ਉਸ ਦੀ ਜਾਣ-ਪਛਾਣ ਹੈ ਤੇ ਕੰਮ ਦੇ ਸਿਲਸਿਲੇ ਵਿੱਚ ਉਸ ਨੂੰ ਮਿਲਣ ਜਾਣਾ ਹੈ। ਜਦੋਂ ਉਹ ਉਸ ਦੇ ਘਰ ਪਹੁੰਚੇ ਤਾਂ ਸੰਦੀਪ ਕੌਰ ਦੇ ਪਤੀ ਅਵਤਾਰ ਸਿੰਘ ਨੇ ਗੁਰਜੰਟ ਸਿੰਘ ਨੂੰ ਡੰਡਿਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ ਤੇ ਉਹ ਬੇਹੋਸ਼ ਹੋ ਗਿਆ। ਗੁਰਜੰਟ ਸਿੰਘ ਦੀ ਹਾਲਤ ਖਰਾਬ ਹੁੰਦੀ ਦੇਖ ਕੇ ਪਤੀ-ਪਤਨੀ ਇਲਾਜ ਦੇ ਲਈ ਉਸ ਨੂੰ ਸਿਵਲ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲਸ ਨੇ ਜਸਦੇਵ ਦੇ ਬਿਆਨਾਂ ਉਤੇ ਅਵਤਾਰ ਸਿੰਘ ਅਤੇ ਉਸ ਦੀ ਪਤਨੀ ਸੰਦੀਪ ਕੌਰ 'ਤੇ ਕਤਲ ਕਰਨ ਦਾ ਕੇਸ ਦਰਜ ਕਰ ਕੇ ਅਵਤਾਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਗੁਰਜੰਟ ਸਿੰਘ ਰੇਲਵੇ ਵਿਭਾਗ ਭੋਪਾਲ ਵਿੱਚ ਨੌਕਰੀ ਕਰਦਾ ਸੀ ਤੇ ਕੱਲ੍ਹ ਹੀ ਆਪਣੇ ਘਰ ਆਇਆ ਸੀ।

# ਸਾਬਕਾ ਅਕਾਲੀ ਵਿਧਾਇਕ ਤੇ ਹੋਰ ਲੋਕ ਕਾਂਗਰਸ ਵਿੱਚ ਸ਼ਾਮਲ

ਚੰਡੀਗੜ੍ਹ, 22 ਅਪਰੈਲ, (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਦਾ ਬਿਗਲ ਵੱਜ ਜਾਣ ਪਿੱਛੋਂ ਸਿਆਸੀ ਆਗੂਆਂ ਵਲੋਂ ਪਾਰਟੀਆਂ ਬਦਲਣ ਦਾ ਰੁਝਾਨ ਹਰ ਵਾਰੀ ਵਾਂਗ ਇਸ ਵਾਰ ਵੀ ਲਗਾਤਾਰ ਵਧਦਾ ਜਾ ਰਿਹਾ ਹੈ। ਅੱਜ ਸ਼ੁੱਕਰਵਾਰ ਨੂੰ ਬੰਗਾ ਹਲਕੇ ਤੋਂ ਅਕਾਲੀ ਦਲ ਦੇ ਸਾਬਕਾ ਵਿਧਾਇਕ ਅਤੇ ਸਾਬਕਾ ਭਾਜਪਾ ਮੰਤਰੀ ਚੌਧਰੀ ਸਵਰਨਾ ਰਾਮ ਦੇ ਪੁੱਤਰ ਚੌਧਰੀ ਮੋਹਨ ਸਿੰਘ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿਚ ਕਾਂਗਰਸ ਦਾ ਹੱਥ ਫੜ ਲਿਆ ਹੈ। ਅੱਜ ਹੀ ਦੋਆਬਾ ਖੇਤਰ ਵਿੱਚੋਂ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਨੇਤਾ ਗੁਰਲਾਲ ਸਿੰਘ ਸੈਲਾ ਅਤੇ ਰਜਿੰਦਰ ਸਿੰਘ ਠੇਕੇਦਾਰ ਵੀ ਕਾਂਗਰਸ ਵਿੱਚ ਸ਼ਾਮਲ ਹੋ ਗਏ। ਦੂਸਰੇ ਪਾਸੇ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਨੂੰ ਓਦੋਂ ਵੱਡਾ ਝਟਕਾ ਲੱਗਾ, ਜਦੋਂ ਆਮ ਆਦਮੀ ਪਾਰਟੀ ਦੇ ਮਾਲਵਾ ਜ਼ੋਨ ਦੇ ਜਨਰਲ ਸਕੱਤਰ ਅਤੇ ਭੱਠਾ ਐਸੋਸੀਏਸ਼ਨ ਦੇ ਚੇਅਰਮੈਨ ਹਰਵਿੰਦਰ ਸਿੰਘ ਸੇਖੋਂ ਅਤੇ ਅਕਾਲੀ ਦਲ ਦੇ ਧਨੌਲਾ ਤੋਂ ਪ੍ਰਧਾਨ ਰਜਨੀਸ਼ ਕੁਮਾਰ ਆਪਣੇ ਸਾਥੀਆਂ ਸਣੇ ਕਾਂਗਰਸ ਵਿੱਚ ਆ ਗਏ।

**AZ ਡਰਾਇਵਰਾਂ ਦੀ ਲੋੜ ਹੈ**
"New Drivers are welcome"



- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ

ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ
**647.456.8520 | 416.904.0715**

Marriage
**Matrimonial**
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਰਾਮਗੜ੍ਹੀਆ ਕੇਨੈਡੀਅਨ ਸਿਟੀਜ਼ਨ, ਉਮਰ 24 ਸਾਲ, ਕੱਦ 5'-6", Pharmacy Graduate ਹੁਣ ਆਪਣਾ ਟਰੱਕਿੰਗ ਬਿਜ਼ਨਸ ਚਲਾ ਰਹੇ ਲੜਕੇ ਲਈ ਸੁੰਦਰ ਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। Send Bio data & Recent photo at whatsapp+1 647-294-1068 or+1 289-242-8681

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

## ਲੜਕੀ ਦੀ ਲੋੜ

A handsome, slim & athletic Senior Software Engineer in a Toronto Bank, M.S from USC, California, Cultured, Never Married Canadian Permanent Resident, June 1980/5'7", owns house, seeks a suitable slim, cultured, professionally qualified match below 36. MUST Email BHP to sb2can@gmail.com / 6477455075

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 I 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੇਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 I 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੇਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੇਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

**Wanted Office Clerk & Office Administrator**

- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

**Cell n Tell Distribution Inc.**
1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**STARLANE PAINTING**
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਨੋਆ

# ਉਮੀਦਵਾਰਾਂ ਦੇ ਕਾਗਜ਼ ਭਰਨ ਵੇਲੇ ਭੀੜ ਨਾਲ ਲਿਜਾਣਾ ਮਨ੍ਹਾ ਕਰ ਦਿੱਤਾ ਗਿਆ



ਚੰਡੀਗੜ੍ਹ, 22 ਅਪ੍ਰੈਲ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਲਈ ਪੰਜਾਬ ਦੇ ਮੁੱਖ ਚੋਣ ਅਫਸਰ ਡਾ. ਐਸ ਕਰੁਣਾ ਰਾਜੂ ਨੇ ਕੱਲ੍ਹ ਸਾਰੇ ਪੰਜਾਬ ਰਾਜ ਦੇ ਰਿਟਰਨਿੰਗ ਅਫਸਰਾਂ (ਆਰ ਓ) ਨੂੰ ਵੀਡੀਓ ਕਾਨਫਰੰਸ ਰਾਹੀਂ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਤਿਆਰ ਕਰਾਏ ਗਏ ਸੁਵਿਧਾ ਪੋਰਟਲ ਦੀ ਜਾਣਕਾਰੀ ਦੇਣ ਦੇ ਨਾਲ ਕਿਹਾ ਕਿ ਉਮੀਦਵਾਰ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਤੁਰੰਤ ਹੀ ਨਾਮਜ਼ਦਗੀ ਪੱਤਰ ਸੁਵਿਧਾ ਪੋਰਟਲ ਅਤੇ ਸੀ ਈ ਓ ਪੰਜਾਬ ਦੀ ਵੈਬਸਾਈਟ 'ਤੇ ਅਪਲੋਡ ਕੀਤਾ ਜਾਣਾ ਹੈ। ਉਨ੍ਹਾਂ ਨੇ ਰਿਟਰਨਿੰਗ ਅਫਸਰਾਂ ਨੂੰ ਇਸ ਦੇ ਲੋੜੀਂਦੇ ਪ੍ਰਬੰਧ ਕਰਨ ਲਈ ਕਿਹਾ ਹੈ।

ਇਸ ਮੌਕੇ ਮੁੱਖ ਚੋਣ ਅਫਸਰ ਡਾ: ਐਸ ਕਰੁਣਾ ਰਾਜੂ ਨੇ ਦੱਸਿਆ ਕਿ ਅਪਲੋਡ ਕੀਤਾ ਗਿਆ ਨਾਮਜ਼ਦਗੀ ਪੱਤਰ ਚੋਣ ਕਮਿਸ਼ਨ (ਈ ਸੀ ਆਈ) ਦੀ ਵੈਬਸਾਈਟ, ਸੀ ਈ ਓ ਪੰਜਾਬ ਦੀ ਵੈਬਸਾਈਟ, ਵੋਟਰ ਹੈਲਪਲਾਈਨ ਵੈਬਸਾਈਟ ਅਤੇ ਸੁਵਿਧਾ ਕੈਂਡੀਡੇਟ ਐਪ ਉੱਤੇ ਵੇਖਿਆ ਜਾ ਸਕਦਾ ਹੈ। ਉਨ੍ਹਾਂ ਨੇ ਖਰਚਾ ਰਜਿਸਟਰ ਬਾਰੇ ਕਿਹਾ ਕਿ ਇਸ ਉਤੇ ਹਰ ਉਮੀਦਵਾਰ ਵੱਲੋਂ ਨਮਜ਼ਦਗੀ ਪੱਤਰ ਭਰਨ ਤੋਂ ਲੈ ਕੇ ਵੋਟਾਂ ਵਾਲੇ ਦਿਨ ਤੱਕ ਕੀਤੇ ਜਾਂਦੇ ਖਰਚ ਦਾ ਵੇਰਵਾ ਅਬਜ਼ਰਵਰ ਵੱਲੋਂ ਪਰਖੇ ਜਾਣ ਪਿੱਛੋਂ ਤਿੰਨ ਵਾਰ ਵਿੱਚ ਅਪਲੋਡ ਕੀਤਾ ਜਾਣਾ ਹੈ। ਡਾ. ਰਾਜੂ ਨੇ ਕਿਹਾ ਕਿ 22 ਅਪ੍ਰੈਲ ਨੂੰ ਚੋਣਾਂ ਸਬੰਧੀ ਨੋਟੀਫਿਕੇਸ਼ਨ ਜਾਰੀ ਹੋਣ ਦੇ ਨਾਲ ਨਾਮਜ਼ਦਗੀਆਂ ਦਾ ਕੰਮ ਸ਼ੁਰੂ ਹੋ ਜਾਵੇਗਾ। ਇਸ ਲਈ ਸਾਰੇ ਆਰ ਓ ਯਕੀਨੀ ਕਰਨ ਕਿ ਉਨ੍ਹਾਂ ਦੇ ਦਫਤਰ ਦੇ 100 ਮੀਟਰ ਦੇ ਘੇਰੇ ਵਿੱਚ ਨਾਮਜ਼ਦਗੀ ਪੱਤਰ ਦਾਖਲ ਕਰਨ ਆਏ ਕਿਸੇ ਵੀ ਉਮੀਦਵਾਰ ਨਾਲ ਵੱਧ ਤੋਂ ਵੱਧ ਤਿੰਨ ਵਾਹਨ ਆ ਸਕਦੇ ਹਨ ਅਤੇ ਇਕ ਉਮੀਦਵਾਰ ਨਾਲ ਚਾਰ ਹੋਰ ਵਿਅਕਤੀ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਰਿਟਰਨਿੰਗ ਅਫਸਰ ਦੇ ਚੈਂਬਰ ਤੱਕ ਜਾ ਸਕਦੇ ਹਨ। ਇਸ ਵਿੱਚ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਜੇ ਉਮੀਦਵਾਰ ਜਾਂ ਉਸ ਨਾਲ ਨਾਮਜ਼ਦਗੀ ਪੱਤਰ ਦਾਖਲ ਕਰਨ ਵਾਲਾ ਵਿਅਕਤੀ ਸਪੈਸ਼ਲ ਸੁਰੱਖਿਆ ਅਧੀਨ (ਐਸ ਪੀ ਜੀ ਪ੍ਰੋਟੈਕਟੀ) ਹੈ, ਉਸ ਨਾਲ ਵਾਧੂ ਐਸ ਪੀ ਜੀ ਸੁਰੱਖਿਆ ਗਾਰਡ ਲੁਕਵੇ ਹਥਿਆਰ ਨਾਲ ਜਾ ਸਕਦਾ ਹੈ।

# ਬਾਬਾ ਬਲਬੀਰ ਕੁਮਾਰ ਦਾ ਕਾਤਲ ਰਾਜਸਥਾਨ ਤੋਂ ਫੜਿਆ ਗਿਆ



ਜਲੰਧਰ, 22 ਅਪ੍ਰੈਲ (ਪੋਸਟ ਬਿਊਰੋ)- ਬਾਬਾ ਬਾਲਕ ਨਾਥ ਮੰਦਰ ਕਰਤਾਰਪੁਰ ਦੇ ਮੁੱਖ ਸੇਵਾਦਾਰ ਬਲਬੀਰ ਕੁਮਾਰ ਦੇ ਕਤਲ ਦੇ ਦੋਸ਼ੀ ਭੁਪਿੰਦਰ ਸਿੰਘ ਨੂੰ ਪੁਲਸ ਨੇ ਰਾਜਸਥਾਨ ਤੋਂ ਗ੍ਰਿਫਤਾਰ ਕੀਤਾ ਅਤੇ ਉਸ ਵੱਲੋਂ ਕਤਲ ਲਈ ਵਰਤਿਆ ਗਿਆ ਖੰਜਰ ਵੀ ਪੁਲਸ ਨੇ ਬਰਾਮਦ ਕਰ ਲਿਆ ਹੈ।

ਐਸ ਐਸ ਪੀ ਨਵਜੋਤ ਸਿੰਘ ਮਾਹਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕਰਤਾਰ-ਪੁਰ ਦੇ ਮੁਹੱਲਾ ਖਟੀਕਾਂ ਵਿੱਚ ਇਸ ਕਤਲ ਬਾਰੇ ਅੱਠ ਅਪ੍ਰੈਲ ਨੂੰ ਸੂਰਜ ਪ੍ਰਕਾਸ਼ ਦੇ ਬਿਆਨਾਂ 'ਤੇ ਕੇਸ ਦਰਜ ਹੋਇਆ ਸੀ। ਉਨ੍ਹਾਂ ਦੱਸਿਆ ਕਿ ਬਾਬਾ ਬਲਬੀਰ ਕੁਮਾਰ ਦਾ ਕਤਲ ਕਰ ਕੇ ਦੋਸ਼ੀ ਫਰਾਰ ਹੋ ਗਿਆ ਸੀ ਅਤੇ ਉਸ ਨੂੰ ਫੜਨ ਲਈ ਪੁਲਸ ਨੇ 10 ਟੀਮਾਂ ਬਣਾ ਕੇ ਵੱਖ-ਵੱਖ ਸ਼ਹਿਰਾਂ ਅਤੇ ਧਾਰਮਿਕ ਸਥਾਨਾਂ ਉੱਤੇ ਭੇਜੀਆਂ ਸਨ। ਇਸ ਦੌਰਾਨ ਨਾਂਦੇੜ ਸਾਹਿਬ ਦੇ ਗੁਰ-ਦੁਆਰੇ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖਣ ਤੋਂ ਪਤਾ ਲੱਗਾ ਕਿ ਭੁਪਿੰਦਰ ਸਿੰਘ ਨਾਂਦੇੜ ਗਿਆ ਸੀ। ਇਸ ਪਿੱਛੋਂ ਇੰਸਪੈਕਟਰ ਰਾਮ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਪਿੱਛਾ ਕਰਦਿਆਂ ਉਸ ਨੂੰ ਰਾਜਸਥਾਨ ਦੇ ਜ਼ਿਲਾ ਚੂਰੂ ਦੇ ਸ਼ਹਿਰ ਰਤਨਗੜ੍ਹ ਦੇ ਢਾਬੇ ਤੋਂ ਕੱਲ੍ਹ ਰਾਤ ਗ੍ਰਿਫਤਾਰ ਕਰ ਲਿਆ। ਪੁੱਛਗਿੱਛ ਦੌਰਾਨ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਹ ਤੇ ਉਸ ਦਾ ਪਰਵਾਰ ਬਾਬਾ ਬਲਬੀਰ ਕੁਮਾਰ ਦਾ ਸ਼ਰਧਾਲੂ ਸੀ, ਪਰ ਉਸ ਨੂੰ ਨਾ ਕੋਈ ਨੌਕਰੀ ਮਿਲੀ ਸੀ ਤੇ ਨਾ ਵਿਆਹ ਹੋ ਰਿਹਾ ਸੀ, ਜਦ ਕਿ ਬਾਬਾ ਬਲਬੀਰ ਕੁਮਾਰ ਉਸ ਨੂੰ ਭਰੋਸਾ ਦੇ ਰਿਹਾ ਸੀ ਕਿ ਉਸ ਦੇ ਦੋਵੇਂ ਕੰਮ ਹੋ ਜਾਣਗੇ। ਅੱਠ ਅਪ੍ਰੈਲ ਦੀ ਸਵੇਰ ਬਾਬਾ ਬਲਬੀਰ ਕੁਮਾਰ ਨੇ ਮੁੜ ਉਸ ਨੂੰ ਉਸ ਦਾ ਜਲਦੀ ਵਿਆਹ ਹੋ ਜਾਣ ਦਾ ਭਰੋਸਾ ਦਿੱਤਾ ਤਾਂ ਉਸ ਨੂੰ ਗੁੱਸਾ ਆ ਗਿਆ ਤੇ ਉਸ ਨੇ 8-10 ਵਾਰ ਖੰਜਰ ਮਾਰ ਕੇ ਬਾਬੇ ਦਾ ਕਤਲ ਕਰ ਦਿੱਤਾ।

# ਕੈਂਸਰ ਨਾਲ ਮੌਤ ਮਗਰੋਂ ਗੱਡੀ ਹੇਠਾਂ ਕੁਚਲ ਕੇ ਬੀਮੇ ਦੀ ਰਕਮ ਲੈ ਲੈਂਦੇ ਰਹੇ

ਸੋਨੀਪਤ, 22 ਅਪ੍ਰੈਲ (ਪੋਸਟ ਬਿਊਰੋ)- ਇਥੇ ਇਕ ਗੈਂਗ ਕੈਂਸਰ ਦੇ ਮਰੀਜ਼ਾਂ ਦੀ ਮੌਤ ਮਗਰੋਂ ਗੱਡੀ ਨਾਲ ਉਨ੍ਹਾਂ ਲਾਸ਼ਾਂ ਨੂੰ ਕੁਚਲ ਕੇ ਐਕਸੀਡੈਂਟ ਬੀਮੇ ਦੀ ਰਕਮ ਲੈਣ ਦੀ ਖੇਡ ਖੇਡਦਾ ਰਿਹਾ ਹੈ। ਇਸ ਗੈਂਗ ਦੇ ਲੋਕ ਕੈਂਸਰ ਵਾਲੇ ਮਰੀਜ਼ਾਂ ਦੇ ਪਰਵਾਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਦਾ ਬੀਮਾ ਕਰਵਾ ਦਿੰਦੇ ਸਨ ਤੇ ਮਰੀਜ਼ ਦੀ ਮੌਤ ਹੁੰਦੇ ਹੀ ਪਰਵਾਰ ਦੀ ਇੱਛਾ ਨਾਲ ਉਸ ਦੀ ਲਾਸ਼ ਗੱਡੀ ਹੇਠਾਂ ਕੁਚਲ ਕੇ ਕੰਪਨੀਆਂ ਤੋਂ ਬੀਮੇ ਦੀ ਰਕਮ ਲੈ ਲੈਂਦੇ ਸਨ। ਇਸ ਵਿੱਚ ਡਾਕਟਰ, ਪੁਲਸ ਮੁਲਾਜ਼ਮ ਅਤੇ ਵਕੀਲ ਉਨ੍ਹਾਂ ਦੀ ਮਦਦ ਕਰਦੇ ਸਨ। ਗਿਰੋਹ ਦੇ ਸਰਗਨਾ ਵੀ ਵਕੀਲ ਸੀ। ਸਪੈਸ਼ਲ ਟਾਸਕ ਫੋਰਸ (ਐਸ ਟੀ ਐਫ) ਦੀ ਸੋਨੀਪਤ ਯੂਨਿਟ ਨੇ ਇਸ ਗੈਂਗ ਦੇ ਤਿੰਨ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਅਸਲ ਵਿੱਚ ਵਾਰ-ਵਾਰ ਇਕੋ ਤਰ੍ਹਾਂ ਦੇ ਕਲੇਮ ਦੇ ਕਈ ਕੇਸ ਪੇਸ਼ ਹੋਣ 'ਤੇ ਕੰਪਨੀ ਨੂੰ ਸ਼ੱਕ ਹੋਇਆ। ਜਦੋਂ ਪੁਲਸ ਨਾਲ ਸੰਪਰਕ ਕੀਤਾ ਤਾਂ ਪੜਤਾਲ ਵਿੱਚ ਇਹ ਸਨਸਨੀਖੇਜ਼ ਖੁਲਾਸਾ ਹੋਇਆ। ਐਸ ਟੀ ਐਫ ਕੋਲ ਅਜਿਹੇ ਅੱਠ ਕੇਸਾਂ ਦੀ ਸੂਚੀ ਹੈ, ਜਿਨ੍ਹਾਂ 'ਚ ਦੋਸ਼ੀਆਂ ਨੇ ਅਜਿਹੇ ਹੀ ਪੁਲਸ ਮੁਲਾਜ਼ਮਾਂ ਤੇ ਹਸਪਤਾਲ ਦੇ ਡਾਕਟਰਾਂ ਨਾਲ ਮਿਲ ਕੇ ਫਰਜ਼ੀ ਪੋਸਟ ਮਾਰਟਮ ਰਿਪੋਰਟ ਬਣਵਾਈ ਹੈ। ਫੜਿਆ ਗਿਆ ਇਸ ਗੈਂਗ ਦਾ ਮੁਖੀਆ ਪਵਨ ਭੌਰੀਆ ਸੋਨੀਪਤ ਦੇ ਪਿੰਡ ਸੇਵਲੀ ਦਾ ਵਾਸੀ ਅਤੇ ਪੇਸ਼ੇ ਤੋਂ ਵਕੀਲ ਹੈ ਅਤੇ ਦੂਸਰੇ ਦੋਵੇਂ ਦੋਸ਼ੀ ਮੋਹਿਤ ਅਤੇ ਵਿਕਾਸ ਵੀ ਸੋਨੀਪਤ ਦੇ ਵਾਸੀ ਹਨ। ਇਨ੍ਹਾਂ ਦੀ ਗ੍ਰਿਫਤਾਰੀ ਨਾਲ ਐਸ ਟੀ ਐਫ ਨੇ ਅੱਠ ਕੇਸ ਹੱਲ ਕਰਨ ਦਾ ਦਾਅਵਾ ਕੀਤਾ ਹੈ ਤੇ ਕਰੀਬ 100 ਕੇਸਾਂ 'ਚ ਗਿਰੋਹ ਦੀ ਸ਼ਮੂਲੀਅਤ ਦਾ ਸ਼ੱਕ ਜ਼ਾਹਰ ਕੀਤਾ ਹੈ। ਐਸ ਟੀ ਐਫ ਦੇ ਡੀ ਐਸ ਪੀ ਰਾਹੁਲ ਦੇਵ ਨੇ ਦੱਸਿਆ ਕਿ ਇਸ ਗਿਰੋਹ ਦੇ ਲੋਕ ਕੈਂਸਰ ਦੇ ਮਰੀਜ਼ਾਂ ਦੀ ਮੌਤ ਨੂੰ ਸੜਕ ਹਾਦਸਾ ਦਿਖਾਉਣ ਪਿੱਛੋਂ ਪੀ ਜੀ ਆਈ ਰੋਹਤਕ ਤੋਂ ਇਲਾਜ ਦੇ ਰਿਕਾਰਡ ਵਾਲੀ ਫਾਈਲ ਵੀ ਗਾਇਬ ਕਰਵਾ ਦਿੰਦੇ ਸਨ, ਤਾਂ ਕਿ ਮਾਮਲਾ ਕਦੀ ਫੜਿਆ ਨਾ ਜਾ ਸਕੇ। ਇਸ ਗੈਂਗ ਦੇ ਮੈਂਬਰ ਪੀ ਜੀ ਆਈ ਰੋਹਤਕ ਕੈਂਸਰ ਦੇ ਮਰੀਜ਼ਾਂ ਦਾ ਡਾਟਾ ਕੱਢਣ ਦੇ ਨਾਲ ਪਿੰਡਾਂ 'ਚ ਵੀ ਇਸ ਦੇ ਮਰੀਜ਼ ਲੱਭਦੇ ਅਤੇ ਮਰੀਜ਼ ਦੇ ਪਰਵਾਰਾਂ ਨਾਲ ਸੰਪਰਕ ਕਰ ਕੇ ਬੀਮੇ ਦੀ ਰਕਮ ਦਿਵਾਉਣ ਦਾ ਲਾਲਚ ਦੇ ਕੇ ਮਰੀਜ਼ ਦੀ ਬਿਮਾਰੀ ਲੁਕਾ ਕੇ ਇੱਕੋ ਵਕਤ ਕਈ ਕੰਪਨੀਆਂ ਤੋਂ ਬੀਮਾ ਕਰਵਾ ਲੈਂਦੇ ਸਨ। ਇਸ ਤੋਂ ਬਾਅਦ ਪਰਵਾਰ ਨੂੰ ਇਸ ਗੱਲ ਲਈ ਮਨਾਉਂਦੇ ਸਨ ਕਿ ਕੈਂਸਰ ਨਾਲ ਮਰੀਜ਼ ਦੀ ਮੌਤ ਮਗਰੋਂ ਉਸ ਦਾ ਸੜਕ ਹਾਦਸਾ ਦਿਖਾਇਆ ਜਾਵੇਗਾ। ਉਹ ਲਾਸ਼ ਨੂੰ ਕਿਤੇ ਲਿਜਾ ਕੇ ਗੱਡੀ ਹੇਠ ਕੁਚਲ ਦਿੰਦੇ ਤੇ ਸਬੰਧਤ ਥਾਣੇ 'ਚ ਹਾਦਸੇ ਦੀ ਰਿਪੋਰਟ ਦਰਜ ਕਰਵਾ ਦਿੰਦੇ ਸਨ। ਫਿਰ ਡਾਕਟਰਾਂ ਨਾਲ ਮਿਲ ਕੇ ਪੋਸਟ ਮਾਰਟਮ 'ਚ ਹਾਦਸੇ ਨਾਲ ਮੌਤ ਦੀ ਰਿਪੋਰਟ ਬਣਵਾਉਂਦੇ ਸਨ ਤੇ ਬੀਮਾ ਕੰਪਨੀਆਂ ਤੋਂ ਉਸ ਦਾ ਕਲੇਮ ਲੈ ਲੈਂਦੇ ਸਨ।

# ਅਮਰਿੰਦਰ ਖਿਲਾਫ ਗਵਾਹੀ ਪੂਰੀ ਨਹੀਂ ਹੋ ਸਕੀ, ਅਗਲੀ ਸੁਣਵਾਈ ਦੋ ਨੂੰ

ਲੁਧਿਆਣਾ, 22 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਦੇ ਵਿਰੁੱਧ ਦਾਇਰ ਸ਼ਿਕਾਇਤਾਂ ਵਿੱਚ ਕੱਲ੍ਹ ਇਨਕਮ ਟੈਕਸ ਵਿਭਾਗ ਨੇ ਉਨ੍ਹਾ ਖਿਲਾਫ ਅਦਾਲਤ ਵਿੱਚ ਗਵਾਹੀ ਸ਼ੁਰੂ ਕਰਵਾਈ ਸੀ, ਪਰ ਇਹ ਕਾਰਵਾਈ ਪੂਰੀ ਨਹੀਂ ਹੋ ਸਕੀ। ਕੱਲ੍ਹ ਇਨਕਮ ਟੈਕਸ ਵਿਭਾਗ ਨੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਪੀ ਐਸ ਕਾਲੇਕਾ ਦੀ ਅਦਾਲਤ ਵਿੱਚ ਇਨਕਮ ਟੈਕਸ ਅਫਸਰ ਅਮਨਪ੍ਰੀਤ ਕੌਰ ਦੀ ਗਵਾਹੀ ਸ਼ੁਰੂ ਕਰਵਾਈ ਸੀ, ਜਿਹੜੀ ਪੂਰੀ ਨਹੀਂ ਹੋ ਸਕੀ। ਅਮਨਪ੍ਰੀਤ ਕੌਰ ਆਪਣੇ ਵਕੀਲ ਰਾਕੇਸ਼ ਕੁਮਾਰ ਗੁਪਤਾ ਦੇ ਨਾਲ ਅਦਾਲਤ ਵਿੱਚ ਪੇਸ਼ ਹੋਈ ਸੀ। ਜੁਡੀਸ਼ਲ ਮੈਜਿਸਟਰੇਟ ਪੀ ਐਸ ਕਾਲੇਕਾ ਨੇ ਸਾਰੇ ਕੇਸਾਂ ਨੂੰ ਜਿਥੇ ਦੋ ਮਈ ਲਈ ਮੁਲਤਵੀ ਕਰਕੇ ਇਨਕਮ ਟੈਕਸ ਵਿਭਾਗ ਨੂੰ ਆਪਣੀ ਗਵਾਹੀ ਦੇ ਨਾਲ ਹੋਰ ਗਵਾਹੀਆਂ ਵੀ ਕਰਵਾਉਣ ਨੂੰ ਕਿਹਾ, ਉਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਵਿਰੁੱਧ ਇਨਕਮ ਟੈਕਸ ਵਿਭਾਗ ਦੀ ਦੂਸਰੇ ਮਾਮਲੇ ਵਿੱਚ ਚੱਲ ਰਹੀ ਗਵਾਹੀ ਵੀ ਪੂਰੀ ਨਹੀਂ ਹੋਈ। ਇਨਕਮ ਟੈਕਸ ਵਿਭਾਗ ਨੇ ਰਣਇੰਦਰ ਸਿੰਘ ਦੇ ਖਿਲਾਫ ਇਕ ਹੋਰ ਕੇਸ ਵਿੱਚ ਪਹਿਲਾ ਪੇਸ਼ੀ ਉਤੇ ਇਨਕਮ ਟੈਕਸ ਅਧਿਕਾਰੀ ਅਮਿਤ ਦੁਆ ਦੀ ਗਵਾਹੀ ਪੂਰੀ ਕਰਾ ਦਿੱਤੀ ਸੀ।

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar™ INTERMODAL • TRANSPORT • STORAGE
HIRING DRIVERS
for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Help Wanted for Pizza Store
Maple ਵਿੱਚ ਇਕ ਬਿਜੀ ਪੀਜਾ ਸਟੋਰ ਤੇ ਕੰਮ ਕਰਨ ਵਾਸਤੇ ਲੇਡੀਜ ਵਰਕਰ ਦੀ ਜਰੂਰਤ ਹੈ। ਫੁੱਲ ਟਾਈਮ ਜੌਬ ਹੈ ਅਤੇ ਨਾਲ ਹੀ ਪੀਜਾ ਡਿਲਵਰੀ PART TIME ਡਰਇਵਰਾਂ ਦੀ ਜਰੂਰਤ ਹੈ।
ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ।
ਹੋਰ ਜਾਣਕਾਰੀ ਵਾਸਤੇ ਸਵੇਰ ਦੇ 10 ਵਜੇ ਤੋਂ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।
647-704-3799 or 647-705-9736

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week "Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
◦ $50 per hr
◦ Experience: 5 years or more
◦ Education: Bachelors Degree Business/Commerce
Email Resume at umar.w@cellntell.com

Get the right INSURANCE for you!
AUTO | HOME | BUSINESS
Life Insurance, Critical Illness,
Disability, Super Visa Insurance,
Travel & Visitor Insurance, Investments
Damanjit S. Kainth (KD) 416.554.1869
damanjit@hotmail.com

BRITANNIA AUTO BODY
We deal with All Major Insurance companies
401 & Dixie Rd
Call: 416.671.7252
6087 Netherhart Rd, #1 & 2, Mississauga, ON L5T 1G5

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਕੰਮ ਸੋਮਵਾਰ ਤੋ ਸ਼ਨੀਵਾਰ
• Biweekly payment
• Homely Environment
• ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# "ਖੁਦ ਜਲ ਕੇ 'ਇਲਮ-ਏ-ਰੌਸ਼ਨੀ' ਦੇਣ ਵਾਲੇ-ਬਾਬਾ ਸਾਹਿਬ"

ਭਾਰਤ ਇੱਕ ਲੋਕਤੰਤਰੀ ਦੇਸ਼ ਹੈ, ਜਿਥੇ ਸਰਕਾਰ ਲੋਕਾਂ ਦੀ, ਲੋਕਾਂ ਲਈ, ਅਤੇ ਲੋਕਾਂ ਦੁਆਰਾ ਚੁਣੀ ਜਾਂਦੀ ਹੈ। ਜਦੋ ਵੀ ਗੱਲ ਲੋਕਤੰਤਰ ਦੀ ਆਉਂਦੀ ਹੈ, ਤਾਂ ਉਥੇ ਭਾਰਤੀ ਸਵਿਧਾਨ ਦੇ ਨਿਰਮਾਤਾ, ਭਾਰਤ ਰਤਨ, ਡਾ. ਭੀਮ ਰਾਓ ਅੰਬੇਡਕਰ ਦੀ ਗੱਲ ਆਪਣੇ ਆਪ ਤੁਰ ਪੈਂਦੀ ਹੈ। ਜਿਨ੍ਹਾਂ ਨੇ ਆਪਣੇ ਤਨ, ਮਨ ਦੇ ਨਾਲ ਦੋ ਸਾਲ, ਗਿਆਰਾ ਮਹੀਨੇ ਅਤੇ ਅਠਾਰਾਂ ਦਿਨਾਂ ਵਿੱਚ ਭਾਰਤ ਦਾ ਸਵਿਧਾਨ ਰਚਿਆ, ਅਤੇ ਕਈ ਸਦੀਆ ਤੋਂ ਚੱਲਦੀ ਆ ਰਹੀ ਪਿੱਛੜੀ ਤੇ ਮਾੜੀ ਸੋਚ ਵਾਲੀਆ ਰੀਤਾਂ ਨੂੰ ਖਤਮ ਕਰ, ਮਨੁੱਖ ਨੂੰ ਮਨੁੱਖ ਸਮਝਦੇ ਹੋਏ, ਸਾਰਿਆ ਨੂੰ ਬਰਾਬਰ ਅਧਿਕਾਰ ਦਿੱਤੇ।



ਜੇਕਰ ਅੱਜ ਤੋਂ ਕੁੱਝ ਸਮਾਂ ਪਹਿਲਾਂ ਦੀ ਗੱਲ ਕਰੀਏ ਤਾਂ ਭਾਰਤ ਵਿੱਚ ਦਲਿਤ (ਅਛੂਤ) ਕਹੇ ਜਾਣ ਵਾਲੇ ਵਰਗ ਦੀ ਹਾਲਤ ਬਹੁਤ ਤਰਸਯੋਗ ਸੀ, ਕਿਉਂਕਿ ਉਸ ਸਮੇਂ ਛੂਆ-ਛਾਤ, ਜਾਤ-ਪਾਤ ਜਿਹੀਆ ਬਿਮਾਰੀਆ ਸਮਾਜ ਵਿੱਚ ਫੈਲੀਆ ਹੋਈਆ ਸਨ। ਛੂਆ-ਛਾਤ ਇੱਕ ਅੰਦਰੂਨੀ ਅਤੇ ਮਾਨਸਿਕ ਗੁਲਾਮੀ ਹੁੰਦੀ ਹੈ,ਜੋ ਸਰੀਰਕ ਗੁਲਾਮੀ ਤੋਂ ਵੀ ਜਿਆਦਾ ਘਾਤਕ ਹੁੰਦੀ ਹੈ।ਗੁਲਾਮੀ ਜਾਂ ਪਾ੍ਧੀਨਤਾ ਦਾ ਭਾਵ ਹੱਕਾਂ ਤੋਂ ਵਾਂਝੇ ਰੱਖਣ ਤੋਂ ਵੀ ਲਿਆ ਜਾ ਸਕਦਾ ਹੈ, ਕਿਉਂਕਿ ਉਸ ਸਮੇਂ ਦੀ ਹਾਕਮ ਜਮਾਤ ਅਛੂਤ ਲੋਕਾਂ ਨੂੰ ਆਪਣੇ ਸਵਾਰਥ ਲਈ ਹੱਕਾ ਤੋਂ ਵਾਂਝੇ ਰੱਖਿਆ ਕਰਦੇ ਸਨ।ਪੰਜਾਬੀ ਦੀ ਇੱਕ ਕਹਾਵਤ ਹੈ ਕਿ ਇਨਸਾਨ ਜੰਮਦਾ ਤਾਂ ਆਜ਼ਾਦ ਹੈ, ਪਰ ਜਿਉਂ-ਜਿਉਂ ਉਹ ਵੱਡਾ ਹੁੰਦਾ ਜਾਂਦਾ ਹੈ, ਉਸਦੀ ਆਜ਼ਾਦੀ ਗੁਆਚਦੀ ਚਲੀ ਜਾਂਦੀ ਹੈ,ਕਿਉਂਕਿ ਉਹ ਜਿੰਦਗੀ ਦੇ ਵੱਖ ਵੱਖ ਝਮੇਲਿਆ ਵਿੱਚ ਗੱਰਸਿਆ ਜਾਂਦਾ ਹੈ। ਪਰ ਜੇਕਰ ਇਸ ਕਹਾਵਤ ਨੂੰ ਉਸ ਸਮੇਂ ਦੇ ਦਲਿਤਾਂ (ਅਛੂਤ) ਦੇ ਹਾਲਾਤਾਂ ਅਨੁਸਾਰ ਵਚਾਰੀਏ ਤਾਂ ਦਲਿਤ ਪਰਿਵਾਰ ਵਿੱਚ ਪੈਦਾ ਹੋਏ ਇਨਸਾਨ ਦੀ ਦਾਸਤਾਨ ਇਸਦੇ ਉਲਟ ਹੁੰਦੀ ਸੀ, ਉਹ ਜੰਮਦਾ ਗੁਲਾਮੀ ਵਿੱਚ ਸੀ, ਜਿਉਂ-ਜਿਉਂ ਉਹ ਵੱਡਾ ਹੁੰਦਾ ਸੀ, ਉਸਦੀ ਗੁਲਾਮੀ ਹੋਰ ਮਜਬੂਤੀ ਧਾਰਨ ਕਰ ਲੈਂਦੀ ਸੀ ਤੇ ਦੁਨੀਆ ਛੱਡ ਜਾਣ ਉਪਰੰਤ ਵੀ ਉਸਦੀ ਗੁਲਾਮੀ ਅਤੇ ਕਰਜੇ ਦੀ ਪੰਡ ਦਾ ਬੋਝ ਉਸਦੀ ਅਗਲੀ ਪੀੜੀ ਨੂੰ ਢੋਣਾ ਪੈਂਦਾ ਸੀ। ਜੇਕਰ ਅੱਜ ਦੀ ਗੱਲ ਕਰੀਏ ਤਾਂ ਅੱਜ ਲਗ-ਪਗ 5-10 ਪ੍ਰੀਸ਼ਤ ਦਲਿਤ ਗਰੀਬੀ ਰੇਖਾ ਤੋਂ ਬਾਹਰ ਹਨ,ਪਰ ਮਾਨਸਿਕ ਤੌਰ ਤੇ ਉਹ ਵੀ ਆਜ਼ਾਦ ਨਹੀ ਹਨ। ਪਹਿਲਾਂ ਅਛੂਤ ਲੋਕਾਂ ਦੀ ਹਾਲਤ ਬਹੁਤ ਹੀ ਤਰਸਯੋਗ ਸੀ। ਉਸ ਸਮੇਂ ਉਹਨਾਂ ਅਛੂਤ ਲੋਕਾਂ ਦੇ ਰੋਗ ਅਜਿਹੇ ਨਹੀ ਸਨ ਜਿਹਨਾ ਦਾ ਇਲਾਜ ਨਹੀ ਸੀ ਹੋ ਸਕਦਾ ਪਰ ਹਰੇਕ ਡਾਕਟਰ ਇਲਾਜ ਕਰਨ ਤੋਂ ਕਤਰਾਉਂਦਾ ਸੀ। ਜਿਸਨੂੰ ਇੱਕ ਇਨਕਲਾਬੀ ਕਵੀ "ਫੈਜ਼ ਅਹਿਮਦ ਫੈਜ਼" ਨੇ ਇਓ ਬਿਆਨ ਕੀਤਾ,

"ਹਰ ਚਾਰਾਗਰ ਕੋ ਚਾਰਾਗਰੀ ਸੇ ਗੁਰੇਜ ਥਾ,
ਵਰਨਾ ਹਮੇਂ ਜੋ ਦੁੱਖ ਥੇ ,ਲਾਦਵਾ ਨ ਥੇ।"

ਫਿਰ ਸਮੇਂ ਨੇ ਕਰਵੱਟ ਲਈ ਤੇ ਬੇਸ਼ੁਮਾਰ ਤਸੀਹੇ ਝੱਲਦੇ, ਗੁਲਾਮੀ ਦੀਆ ਜੰਜੀਰਾਂ ਵਿੱਚ ਬੱਝੇ, ਪਾ੍ਧੀਨਤਾ ਦੇ ਸ਼ਿਕਾਰ ਹੋਏ ਲੋਕਾ ਦੇ ਜੀਵਨ ਵਿੱਚ ਖੁਸ਼ਹਾਲੀ ਲਿਆਉਣ ਵਾਲੇ, 14 ਅਪ੍ਰੈਲ 1891 ਵਿੱਚ ਸੂਬੇਦਾਰ ਰਾਮਜੀ ਸਕਪਾਲ ਦੇ ਘਰ, ਮਾਤਾ ਭੀਮਾਂ ਬਾਈ ਜੀ ਦੀ ਕੁੱਖ ਤੋਂ, ਮਹੂ(ਮਿਲਟਰੀ ਹੈੱਡ ਕੁਆਟਰ ਆੱਫ ਵਾਰ) ਜਿਲ੍ਹਾ ਰਤਨਾਗਿਰੀ, ਮਹਾਰਾਸ਼ਟਰ ਵਿੱਚ ਇੱਕ ਦੇਵਤਾ ਦਾ ਜਨਮ ਹੋਇਆ। ਜਿਸਨੂੰ ਉਹਨਾਂ ਦੇ ਮਾਤਾ ਪਿਤਾ ਨੇ 'ਭੀਮ' ਦਾ ਨਾਮ ਦਿੱਤਾ। ਉਹ ਇੱਕ ਮਹਾਰ ਭਾਵ ਅਛੂਤ ਪਰਿਵਾਰ ਸੀ। ਉਹ ਆਪਣੇ ਮਾਤਾ ਪਿਤਾ ਦੇ ਚੋਦਵੇ ਸੰਤਾਨ ਸਨ। ਇਹ ਮਨਿਆ ਜਾਂਦਾ ਹੈ ਕਿ ਮਹਾਰਾ ਦੇ ਰਾਸ਼ਟਰ ਤੋਂ ਮਹਾਰਾਸ਼ਟਰ ਸ਼ਬਦ ਬਣਿਆ ਹੈ। ਅਛੂਤ ਜਾਤ ਵਿੱਚ ਜਨਮੇ ਭੀਮ ਨੇ ਜਾਤ-ਪਾਤ ਤੇ ਛੂਆ-ਛਾਤ ਦਾ ਆਪ ਸ਼ਿਕਾਰ ਹੋ ਕੇ, ਸਮਾਜ ਨੂੰ ਇਹਨਾਂ ਬਿਮਾਰੀਆ ਤੋਂ ਮੁਕਤ ਕਰਵਾਉਣ ਦੀ ਸੋਂ ਖਾਧੀ। ਡਾ. ਅੰਬੇਡਕਰ ਨੇ ਉਸ ਸਮੇਂ ਦੀ ਹਾਕਮ ਜਮਾਤ ਨਾਲ ਲੋਹਾ ਲੈ, ਦੱਬੇ ਕੁਚਲੇ ਲੋਕਾਂ ਦਾ ਸਹਾਰਾ ਬਣ ,ਉਹਨਾਂ ਦੀ ਬਹੁ -ਮੁਖੀ ਗੁਲਾਮੀ ਦੀਆ ਜੰਜੀਰਾਂ ਨੂੰ ਕੱਟਣ ਵਿੱਚ ਹੀ ਆਪਣਾ ਸਾਰਾ ਜੀਵਨ ਬਤੀਤ ਕਰ ਦਿੱਤਾ। ਜਿਸਨੂੰ ਮਹਾਨ ਕਵੀ "ਫੈਜ਼ ਅਹਿਮਦ ਫੈਜ਼" ਦੇ ਸ਼ਬਦਾਂ ਵਿੱਚ ਇਓਂ ਬਿਆਨ ਕੀਤਾ ਜਾ ਸਕਦਾ ਹੈ,

"ਹਮ ਨੇ ਉਨ ਪਰ ਕਿਆ ਹਰਫੇ ਹੱਕ ਸੰਗ ਜਨ,
ਜਿਨ ਕੀ ਹੈਬਤ ਸੇ ਦੁਨੀਆ ਲਰਜ਼ਤੀ ਰਹੀ,
ਜਿਨ ਪੇ ਆਂਸੂ ਬਹਾਨੇ ਕੋ ਕੋਈ ਨਾ ਥਾ,
ਆਪਨੀ ਆਂਖ ਉਨਕੇ ਗਮ ਮੇਂ ਬਰਸਤੀ ਰਹੀ"

ਡਾ. ਅੰਬੇਡਕਰ ਦੇ ਜੀਵਨ ਨੂੰ ਪੜਨਾ ਇੱਕ ਤਰ੍ਹਾਂ ਦੀ ਸੰਘਰਸ਼ ਦੀ ਕਹਾਣੀ ਪੜਨ ਦੇ ਸਮਾਨ ਹੈ। ਜੋ ਉਹਨਾਂ ਨੇ ਹਜਾਰਾ ਸਾਲਾਂ ਤੋਂ ਚਲੇ ਆ ਰਹੇ ਜਾਤ-ਪਾਤ, ਛੂਆ-ਛਾਤ ਦੇ ਢਾਂਚੇ ਨੂੰ ਤਹਿਸ ਨਹਿਸ ਕਰਨ ਲਈ ਕੀਤਾ ਤੇ ਇਨਸਾਨ ਨੂੰ ਇਨਸਾਨ ਸਮਝਦੇ ਹੋਏ ਸਾਰਿਆ ਨੂੰ ਬਰਾਬਰ ਅਧਿਕਾਰ ਦਿੱਤੇ।ਉਹਨਾ ਦੀਆਂ ਨਿਗਾਹਾਂ ਵਿੱਚ ਸਾਰੇ ਬਰਾਬਰ ਸਨ। ਉਹਨਾਂ ਨੂੰ ਆਪਣੀ ਜਿੰਦਗੀ ਵਿੱਚ ਬਹੁਤ ਮੋਕੇ ਮਿਲੇ ਜਿਨ੍ਹਾਂ ਨੂੰ ਉਹਨਾ ਨੇ ਸਿਰਫ ਤੇ ਸਿਰਫ ਲੋਕਾਂ ਦੀ ਭਲਾਈ ਕਰਨ ਲਈ ਠੁੱਕਰਾ ਦਿੱਤਾ, ਭਾਵ ਕਿ ਉਹ ਅੱਜ ਦੇ ਜਿਆਦਾਤਰ ਮਨੁੱਖਾਂ ਵਾਂਗ ਖੁਦਗਰਜ ਇਨਸਾਨ ਨਹੀਂ ਸਨ।

ਡਾ. ਅੰਬੇਡਕਰ ਔਰਤਾਂ ਲਈ ਵੀ ਰੱਬ ਬਣ ਕੇ ਆਏ। ਕਿਉਂਕਿ ਜੇਕਰ ਉਸ ਸਮੇਂ ਦੀ ਔਰਤ ਦੀ ਗੱਲ ਕਰੀਏ (ਚਾਹੇ ਉਹ ਕਿਸੇ ਵੀ ਜਾਤ ਦੀ ਹੋਵੇ) ਤਾਂ ਔਰਤ ਉਸ ਸਮੇਂ ਸਿਰਫ ਇੱਕ ਵਸਤੂ ਦੀ ਤਰਾਂ ਸੀ। ਉਸਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਸਿਮਰਤੀਆ ਆਦਿ ਵਿੱਚ ਉਸਨੂੰ ਪਸ਼ੂ ਦੇ ਸਮਾਨ ਆਖਿਆ ਗਿਆ ਸੀ। ਔਰਤ ਦੀ ਇਹ ਹਾਲਾਤ ਕੁੱਝ ਜਿਆਦਾ ਪੁਰਾਣੀ ਨਹੀ ਹੈ।ਔਰਤ ਦੇ ਇਸ ਤਰਸਯੋਗ ਤੇ ਦਰਦਨਾਕ ਵਤੀਰੇ ਤੋਂ ਪਰਭਾਵਿਤ ਹੋ ਕੇ "ਸਾਹਿਰ ਲੁਧਿਆਣਵੀ" ਨੇ ਇਓਂ ਲਿਖਿਆ ਸੀ,

"ਮਦਦ ਚਾਹਤੀ ਹੈ ਹੱਵਾ ਕੀ ਬੇਟੀ,
ਯਸ਼ੋਧਾ ਕੀ ਹਮਜਿਨਸ, ਰਾਧਾ ਕੀ ਬੇਟੀ,
ਪੰਯਬਰ ਕੀ ਉੱਮਤ, ਜੁਲੇਖਾ ਕੀ ਬੇਟੀ,
ਸਨਾਖਾਨੇ ਤਕਦੀਸੇ, ਮਸ਼ਰਕ ਕਹਾਂ ਹੈ?"

ਉਸ ਸਮੇਂ ਔਰਤ ਪੈਰਾਂ ਹੇਠ ਰੁੱਲਦੀ ਰਹੀ, ਉਸਦੀ ਇੱਜਤ ਵੀ ਇੱਕ ਖਿਡੋਣਾਂ ਬਣੀ ਰਹੀ, ਉਹ ਮੋਏ ਪਤੀ ਦੀ ਚਿਖਾ ਵਿੱਚ ਜਿਉਂਦੀ ਸੜਦੀ ਰਹੀ,ਉਸਦੀ ਆਵਾਜ਼ ਉਸ ਸਮੇਂ ਵੱਜਦੇ ਢੋਲ,ਨਗਾਰਿਆ ਤੇ ਡਾਗਾਂ ਦੀ ਗੂੰਜ ਵਿੱਚ ਗੁੰਮ ਰਹੀ, ਜਿਸਨੂੰ ਕਿਸੇ ਨੇ ਨਾ ਸੁਣਿਆ।ਉਸਦੀ ਆਵਾਜ਼ ਕੰਧਾ, ਪੱਥਰਾਂ, ਚਟਾਨਾਂ ਵਿੱਚ ਵੱਜਦੀ ਰਹੀ ਪਰ ਉਸਦੀ ਫਰਿਆਦ ਕਿਸੇ ਨੇ ਨਾ ਸੁਣੀ, ਕੋਈ ਰੱਬ ਜਾਂ ਦੇਵਤਾ ਉਸਦੀ ਮਦਦ ਲਈ ਨਾ ਬੋੜਿਆ। ਜੇਕਰ ਉਹਨਾਂ ਲਈ ਕੋਈ ਰੱਬ ਬਣ ਬੋੜਿਆ ਤਾਂ ਉਹ ਸਨ ਡਾ.ਅੰਬੇਡਕਰ। ਉਹਨਾ ਔਰਤ ਦੀ ਜਿੰਦਗੀ ਨੂੰ ਨੇੜਿਓ ਤੱਕਿਆ, ਉਹਨਾ ਉੱਤੇ ਹੁੰਦੇ ਅਤਿਆਚਾਰਾ ਨੂੰ ਦੇਖਿਆ ਅਤੇ ਉਹਨਾ ਦੇ ਦਰਦ ਨੂੰ ਦੂਰ ਕਰਨ ਲਈ ਉਹਨਾ ਨੂੰ ਬਰਾਬਰਤਾ ਦਾ ਅਧਿਕਾਰ ਹੀ ਨਹੀ ਦਵਾਇਆ ਸਗੋਂ ਉਹਨਾ ਦੇ ਹੱਥਾ ਵਿੱਚ ਸਭ ਤੋਂ ਵੱਡਾ ਹਥਿਆਰ ਭਾਵ 'ਵੋਟ' ਵੀ ਫੜਾ ਦਿੱਤਾ ਜਿਸਦੀ ਅੱਜ ਉਹ ਵਰਤੋਂ ਕਰਕੇ ਸਮੁੱਚੇ ਭਾਰਤ ਦੀ ਤਕਦੀਰ ਨੂੰ ਬਦਲ ਸਕਦੀ ਹੈ। ਹੋਰ ਕਈ ਸਾਰੇ ਯਤਨਾਂ ਤੋਂ ਇਲਾਵਾ 'ਹਿੰਦੂ ਕੋਡ ਬਿੱਲ' ਨੂੰ ਤਿਆਰ ਕਰਨਾ ਵੀ ਇਸ ਦਿਸ਼ਾ ਵਿੱਚ ਇੱਕ ਅਤਿਅੰਤ ਮਹੱਤਵਪੂਰਨ ਕਦਮ ਸੀ।

ਜੇਕਰ ਉਸ ਸਮੇਂ ਦੇ ਮਜਦੂਰਾਂ ਅਤੇ ਉਹਨਾਂ ਦੇ ਹਲਾਤਾਂ ਉਪਰ ਨਜਰ ਮਾਰੀਏ ਤਾਂ ਉਸ ਸਮੇਂ ਮਜਦੂਰਾਂ ਦੀ ਹਾਲਤ ਵੀ ਬਹੁਤ ਤਰਸਯੋਗ ਸੀ।ਉਸ ਸਮੇਂ ਦੇ ਕੁੱਝ ਹਾਕਮ ਲੋਕਾਂ ਦੁਆਰਾ ਮਜਦੂਰਾਂ ਨੂੰ ਗੁਲਾਮ ਬਣਾਇਆ ਜਾਂਦਾ ਸੀ। ਇੱਕ ਮਜਦੂਰ ਦੀ ਸੰਤਾਨ ਵੀ ਉਸਦੇ ਮਾਤਾ ਪਿਤਾ ਦੀ ਤਰ੍ਹਾਂ ਗੁਲਾਮ ਸੀ।ਉਹਨਾ ਦਾ ਮਾਲਕ ਉਹਨਾਂ ਨੂੰ ਮਨ ਮਰਜੀ ਨਾਲ ਖਰੀਦਣ ਵੇਚਣ ਦਾ ਅਧਿਕਾਰ ਰੱਖਦਾ ਸੀ। ਜੇਕਰ ਇੱਕ ਮਜਦੂਰ ਦੇ ਮੁੱਲ ਦੀ ਗੱਲ ਕਰੀਏ ਤਾਂ ਉਸਦਾ ਮੁੱਲ ਸਿਰਫ ਤੀਹ ਰੁਪਏ ਤੇ ਇੱਕ ਸੋ ਸੇਰ ਚੋਲ ਹੁੰਦਾ ਸੀ, ਜੋ ਇੱਕ ਬਲਦ ਭਾਵ ਬੈਲ ਦੀ ਕੀਮਤ ਦੇ ਬਰਾਬਰ ਸੀ।ਕੁੱਝ ਇਸ ਤਰਾਂ ਦੇ ਹਾਲਾਤ ਸਨ ਮਜਦੂਰਾਂ ਦੇ। ਫਿਰ ਡਾਂ. ਅੰਬੇਡਕਰ ਆਏ ਉਹਨਾਂ ਲਈ ਇੱਕ ਰਹਿਬਰ ਬਣ ਕੇ। ਉਹ ਭਾਰਤ ਦੇ ਪਹਿਲੇ ਅਜਿਹੇ ਵਿਧਾਇਕ ਸਨ, ਜਿਨ੍ਹਾਂ ਨੇ 1928 ਵਿੱਚ ਬੰਬਈ ਵਿਧਾਨ ਸਭਾ ਅੰਦਰ ਇੱਕ ਬਿੱਲ ਪੇਸ਼ ਕੀਤਾ ਜਿਸਦਾ ਮਕਸਦ ਮਜਦੂਰਾਂ, ਖੇਤੀ ਕਾਮਿਆ ਦੀ ਗੁਲਾਮੀ ਨੂੰ ਖਤਮ ਕਰਨਾ ਸੀ।1936 ਵਿੱਚ ਉਹਨਾ ਨੇ 'ਇੰਡੀਪੈਂਡੇਂਟ ਲੇਬਰ ਪਾਰਟੀ' ਦੀ ਵੀ ਸਥਾਪਨਾ ਕੀਤੀ। ਜਿਸਦਾ ਦ੍ਰਿਸ਼ਟੀਕੋਣ ਸਿਰਫ ਅਛੂਤਾਂ ਤੱਕ ਹੀ ਸੀਮਿਤ ਨਹੀ ਸੀ ਬਲਕਿ ਕਿਸਾਨ ਮਜਦੂਰਾਂ ਆਦਿ ਤੱਕ ਵਿਆਪਕ ਸੀ। ਉਹਨਾ ਮਜਦੂਰਾਂ ਦੇ ਸਮੇਂ ਨੂੰ ਇੱਕ ਸੀਮਾਂ ਵਿੱਚ ਬੰਦ ਕਰ ਦਿੱਤਾ ਜਿਸ ਨਾਲ ਅੱਜ ਕੋਈ ਵੀ ਕਿਸੇ ਵੀ ਮਜਦੂਰ ਕੋਲੋ ਆਪਣੀ ਮਨ ਮਰਜੀ ਦੇ ਸਮੇਂ ਮੁਤਾਬਕ ਵੱਧ ਸਮਾਂ ਕੰਮ ਨਹੀ ਕਰਵਾ ਸਕਦਾ। ਮਜਦੂਰਾਂ ਦੀ ਭਲਾਈ ਲਈ ਜੋ ਕੋਈ ਨਾ ਕਰ ਸਕਿਆ ਉਹ ਡਾ. ਅੰਬੇਡਕਰ ਨੇ ਕੀਤਾ।

ਡਾ. ਅੰਬੇਡਕਰ ਨੇ ਆਪਣਾ ਸਾਰਾ ਜੀਵਨ ਕੇਵਲ ਅਛੂਤਾ ਜਾਂ ਦਲਿਤਾ ਦੀ ਭਲਾਈ ਵਿੱਚ ਹੀ ਨਹੀ ਲਗਾਇਆ ਸਗੋਂ ਉਹਨਾਂ ਨੇ ਆਪਣਾ ਸਾਰਾ ਜੀਵਨ ਲੋਕਾਂ ਨੂੰ ਸਮਰਪਿਤ ਕੀਤਾ। ਉਹਨਾ ਦਿਨ ਦੇ 21-21 ਘੰਟੇ ਅਭਿਆਸ ਕਰਕੇ ਭਾਰਤੀ ਸਵਿਧਾਨ ਦਾ ਮਸੋਦਾ ਤਿਆਰ ਕੀਤਾ। ਫਿਰ ਸਵਿਧਾਨ ਸਭਾ ਦੀ ਚਰਚਾ ਤੋਂ ਬਾਅਦ ਇਹ ਸਾਹਮਣੇ ਆਇਆ ਕਿ ਭਾਰਤੀ ਸਵਿਧਾਨ ਦੀ ਸ਼ੁਰੂਆਤ ਕਿਵੇ ਕੀਤੀ ਜਾਵੇ? ਫਿਰ ਸਾਰਿਆ ਨੇ ਆਪਣੀ-ਆਪਣੀ ਰਾਏ ਦਿੱਤੀ ਅਤੇ ਕੁੱਝ ਲੋਕਾਂ ਨੇ ਭਾਰਤੀ ਸਵਿਧਾਨ ਦੀ ਸ਼ੁਰੂਆਤ 'ਭਗਵਾਨ' (ਵੱਖ-ਵੱਖ ਨਾਮਾਂ ਦੇ) ਦੇ ਨਾਮ ਤੋਂ ਕਰਨ ਲਈ ਕਿਹਾ, ਪਰ ਡਾ. ਅੰਬੇਡਕਰ ਬੋਲੇ ਨਹੀਂ ਭਾਰਤੀ ਸਵਿਧਾਨ ਦੀ ਸ਼ੁਰੂਆਤ 'ਲੋਕਾਂ' ਦੇ ਨਾਮ ਤੋਂ ਹੋਣੀ ਚਾਹੀਦੀ ਹੈ। ਫਿਰ ਇਸ ਪਿੱਛੇ ਮਤਦਾਨ ਵੀ ਹੋਇਆ ਸਭ ਤੋਂ ਵੱਧ ਵੋਟ 'ਲੋਕਾਂ' ਦੇ ਨਾਮ ਨੂੰ ਮਿਲੇ ਅਤੇ ਭਾਰਤੀ ਸਵਿਧਾਨ ਦੀ ਸ਼ੁਰੂਆਤ "ਅਸੀ ਭਾਰਤ ਦੇ ਲੋਕ" ਨਾਲ ਹੋਈ।

ਸਮਾਂ ਦੀ ਤੇਜ ਰਫਤਾਰ ਦੇ ਨਾਲ ਨਾਲ ਚੱਲਦੇ ਹੋਏ ਡਾ.ਅੰਬੇਡਕਰ ਦੀ ਸਿਹਤ ਵਿਗੜਨ ਲੱਗ ਪਈ ਅਤੇ, ਗੁਣਾਂ ਦੀ ਖਾਣ, ਭਾਰਤ ਰਤਨ, ਔਰਤ ਦੀ ਗੁਲਾਮੀ ਦੀਆ ਜੰਜੀਰਾਂ ਕੱਟਣ ਵਾਲੇ, ਮਜਦੂਰਾਂ ਦੇ ਰਹਿਬਰ, ਦਲਿਤਾਂ ਜਾਂ ਅਛੂਤਾਂ ਦੀ ਜਿੰਦਗੀ ਸਵਾਰਨ ਵਾਲੇ, ਮਹਾਨ ਸਮਾਜ ਸੁਧਾਰਕ, ਲੋਕਾ ਵਿੱਚ ਸਮਾਜਿਕ, ਆਰਥਿਕ ਤੇ ਰਾਜਨੀਤਿਕ ਚੇਤਨਾ ਜਗਾਉਣ ਵਾਲੇ, 6 ਦਸੰਬਰ 1956 ਨੂੰ 65 ਸਾਲ, 7 ਮਹੀਨੇ, 20 ਦਿਨਾਂ ਦੇ ਆਪਣੇ ਜੀਵਨ ਕਾਲ ਦੋਰਾਨ ਕਰੋੜਾਂ ਲੋਕਾਂ ਨੂੰ ਨਵਾ ਜੀਵਨ ਦਾਨ ਦੇਣ ਵਾਲੇ ਆਪਣੀ ਮਾਨਵੀ ਜਿੰਦਗੀ ਤੋਂ ਰੁਖਸਤ ਹੋ ਗਿਆ।

ਭਾਰਤ ਦਾ ਐਨਾ ਮਹਾਨ ਸਵਿਧਾਨ ਲਿਖਣ ਵਾਲੇ ਡਾ. ਅੰਬੇਡਕਰ ਨੂੰ ਕੋਲੰਬੀਆ ਯੂਨੀਵਰਸਿਟੀ ਵਲੋਂ ਸਭ ਤੋਂ ਹੁਸ਼ਿਆਰ ਵਿਦਿਆਰਥੀ ਕਿਹਾ ਗਿਆ। ਉਹਨਾ ਦੇ ਸਨਮਾਨ ਵਜੋਂ ਯੂਨੀਵਰਸਿਟੀ ਦੇ ਮੇਨ ਦਰਵਾਜੇ ਅੱਗੇ ਉਹਨਾਂ ਦੀ ਤਾਂਬੇ ਦੀ ਮੂਰਤੀ ਲਗਾਈ ਗਈ ਅਤੇ ਉਸਦੇ ਥੱਲੇ, "ਦ ਸਿੰਬਲ ਆੱਫ ਨਾੱਲਜ" ਲਿਖਿਆ ਗਿਆ। ਜਿਸਦਾ ਉਦਘਾਟਨ ਮਾਨਯੋਗ 'ਬਰਾਕ ਓਬਾਮਾ' ਜੀ ਦੁਆਰਾ ਕੀਤਾ ਗਿਆ। ਭਾਰਤ ਦੇ ਲੋਕ ਅਮਰੀਕਾ ਦੇ ਮਹਾਨ ਆਗੂ, 'ਅਬਰਾਹਿਮ ਲਿੰਕਨ' ਬਾਰੇ ਸਕੂਲਾਂ, ਕਾਲਜਾਂ ਦੇ ਸਿਲੇਬਸ ਵਿੱਚ ਪੜਦੇ ਹਨ ਅਤੇ ਦੂਸਰੇ ਪਾਸੇ 'ਅਬਰਾਹੰਮ ਲਿੰਕਨ' ਦਾ ਦੇਸ਼ 'ਡਾ. ਅੰਬੇਡਕਰ' ਦੀ ਲਿਖਤ "ਵੇਟਿੰਗ ਫਾੱਰ ਵੀਜ਼ਾ" ਨੂੰ ਕੋਲੰਬੀਆ ਯੂਨੀਵਰਸਿਟੀ ਵਿੱਚ ਪੜਾਉਂਦਾ ਹੈ। ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਭਾਰਤ ਵਿੱਚ ਉਹਨਾਂ ਦੀ ਜੀਵਨੀ, ਉਹਨਾਂ ਦੇ ਸੰਘਰਸ਼, ਅਤੇ ਉਹਨਾਂ ਦੀਆ ਲਿਖਤਾਂ ਨੂੰ ਭਾਰਤੀ ਸਿਲੇਬਸ ਵਿੱਚ ਕੁੱਝ ਖਾਸ ਸਥਾਨ ਨਹੀਂ ਦਿੱਤਾ ਗਿਆ। ਸੋ ਅੱਜ ਸਾਨੂੰ ਚਾਹੀਦਾ ਹੈ ਕਿ ਡਾ. ਅੰਬੇਡਕਰ ਦੇ ਨਾਮ ਤੇ ਰਾਜਨੀਤੀ ਨਾ ਕਰਦੇ ਹੋਏ, ਉਹਨਾ ਦੇ ਨਾਮ ਨੂੰ ਆਪਣਾ ਧੰਦਾ ਨਾ ਬਣਾਉਂਦੇ ਹੋਏ, ਆਪਣੇ ਸਵਾਰਥਪੁਣੇ ਤੋਂ ਉਪਰ ਉੱਠਦੇ ਹੋਏ, ਉਹਨਾਂ ਦੇ ਜੀਵਨ, ਸੰਘਰਸ਼ ਅਤੇ ਉਹਨਾਂ ਦੀਆ ਲਿਖਤਾਂ ਨੂੰ ਪੜਨ ਦੀ ਅਤੇ ਉਹਨਾਂ ਦੁਆਰਾ ਦਿੱਤੇ ਵਿਚਾਰਾ ਨੂੰ ਆਪਣੀ ਜਿੰਦਗੀ ਵਿੱਚ ਅਪਣਾਉਣ ਦੀ।

# ਗੁੜ ਨਾਲੋਂ ਮਿੱਠੀਆਂ ਯਾਦਾਂ

-ਡਾ. ਅੰਮਿਤ ਅਦਲੱਖਾ

ਸਿਹਤ ਵਿਭਾਗ ਵਿੱਚ ਸਰਕਾਰੀ ਨੌਕਰੀ ਕਰਦਿਆਂ ਜੇ ਤੁਸੀਂ ਐਮ ਬੀ ਬੀ ਐਸ ਤੋਂ ਬਾਅਦ ਪੋਸਟ ਗ੍ਰੈਜੂਏਸ਼ਨ ਕਰਨਾ ਚਾਹੁੰਦੇ ਹੋ ਤਾਂ ਜ਼ਰੂਰੀ ਹੈ ਕਿ ਤੁਸਾਂ ਦੋ ਤਿਨ ਸਾਲ ਪਿੰਡਾਂ ਵਿੱਚ ਨੌਕਰੀ ਕੀਤੀ ਹੋਵੇ। ਇਸੇ ਨੂੰ ਮੁੱਖ ਰੱਖਦਿਆਂ ਕਈ ਸਾਲ ਪਹਿਲਾਂ ਮੇਰੀ ਪਹਿਲੀ ਨਿਯੁਕਤੀ ਕੇਨਾਲ ਡਿਸਪੈਂਸਰੀ ਤਾਜੇਵਾਲਾ ਹੈਡ ਵਰਕਸ 'ਤੇ ਹੋਈ। ਤਾਜੇਵਾਲਾ ਯਮੁਨਾ ਨਗਰ ਤੇ ਪਾਉਂਟਾ ਸਾਹਿਬ ਦੀ ਸੜਕ 'ਤੇ ਅੱਧ ਵਿਚਕਾਰ ਹੈ। ਡਿਸਪੈਂਸਰੀ ਦਰਿਆ ਕੰਢੇ ਸੀ ਤੇ ਆਸ ਪਾਸ ਦਰਿਆ, ਨਹਿਰਾਂ, ਪਹਾੜ ਦਿਸਦੇ ਸਨ। ਬਹੁਤ ਮਨਮੋਹਕ ਨਜ਼ਾਰਾ ਸੀ। ਜਦੋਂ ਵੀ ਛੁੱਟੀ ਹੁੰਦੀ, ਪਾਉਂਟਾ ਸਾਹਿਬ ਅਤੇ ਕਲੇਸਰ ਦੇ ਜੰਗਲਾਂ ਦੀ ਸੈਰ ਨੂੰ ਨਿਕਲ ਜਾਂਦਾ ਸੀ। ਕਲੇਸਰ ਜੰਗਲ ਅੱਜ ਕੱਲ੍ਹ ਜੰਗਲੀ ਜਾਨਵਰਾਂ ਦੀ ਰਾਖਵੀ ਥਾਂ ਬਣਿਆ ਹੋਇਆ ਹੈ।

ਇਕ ਦਿਨ ਮੈਂ ਮਰੀਜ਼ ਵੇਖ ਰਿਹਾ ਸੀ ਕਿ ਇਕ ਓਵਰਸੀਅਰ ਨਿੱਕੇ ਜਿਹੇ ਕੁੱਤੇ ਨੂੰ ਝੋਲੀ ਚੁੱਕੀ ਆਇਆ ਅਤੇ ਕਹਿਣ ਲੱਗਾ, 'ਇਹ ਕੁੱਤਾ ਸਾਡੇ ਐਕਸੀਅਨ ਸਾਹਿਬ ਦਾ ਹੈ। ਇਸ ਦਾ ਪੇਟ ਖਰਾਬ ਹੈ। ਇਸ ਦਾ ਇਲਾਜ ਕਰ ਦਿਉ।' ਮੈਨੂੰ ਅੰਦਾਜ਼ਾ ਸੀ ਕਿ ਜਾਨਵਰਾਂ ਤੇ ਬੰਦਿਆਂ ਦੀਆਂ ਦਵਾਈਆਂ ਲਗਭਗ ਇਕੋ ਜਿਹੀਆਂ ਹੁੰਦੀਆਂ ਹਨ। ਸਿਰਫ ਦਵਾਈ ਦੀ ਮਿਕਦਾਰ ਦਾ ਫਰਕ ਹੁੰਦਾ ਹੈ। ਮੈਂ ਕੁੱਤੇ ਵਾਸਤੇ ਦਵਾਈ ਦੇ ਦਿੱਤੀ ਅਤੇ ਸ਼ਾਮ ਤੱਕ ਉਹ ਠੀਕ ਹੋ ਗਿਆ। ਕੁਝ ਦਿਨ ਬੀਤੇ, ਇਕ ਹੋਰ ਬੰਦਾ ਇਲਾਜ ਵਾਸਤੇ ਕੁੱਤਾ ਲੈ ਕੇ ਆ ਗਿਆ। ਮੈਂ ਸ਼ਸ਼ੋਪੰਜ ਵਿੱਚ ਪੈ ਗਿਆ ਕਿ ਜੇ ਇਸ ਦਾ ਵੀ ਇਲਾਜ ਕਰ ਦਿੱਤਾ ਤਾਂ ਮੇਰੇ ਹਸਪਤਾਲ ਵਿੱਚ ਕੁੱਤੇ ਬਿੱਲੀਆਂ ਤੇ ਹੋਰ ਡੰਗਰ ਆਇਆ ਕਰਨਗੇ। ਮੈਂ ਬੰਦਿਆਂ ਦਾ ਡਾਕਟਰ ਘੱਟ ਤੇ ਜਾਨਵਰਾਂ ਦਾ ਡਾਕਟਰ ਵੱਧ ਬਣ ਜਾਵਾਂਗਾ। ਜਾਨ ਫਿਰ ਵੀ ਜਾਨ ਹੁੰਦੀ ਹੈ। ਬੰਦੇ ਦੀ ਹੋਵੇ ਜਾਂ ਜਾਨਵਰ ਦੀ। ਮੈਂ ਉਸ ਬੰਦੇ ਤੋਂ ਇਹ ਵਾਅਦਾ ਲਿਆ ਕਿ ਕਿਸੇ ਨੂੰ ਨਹੀਂ ਦੱਸੇਗਾ ਕਿ ਕੁੱਤੇ ਦਾ ਇਲਾਜ ਉਸ ਨੇ ਕੀਤਾ ਹੈ। ਨਾ ਹੀ ਕੋਈ ਜਾਨਵਰ ਇਲਾਜ ਵਾਸਤੇ ਘੱਲੇਗਾ। ਇਹ ਵਾਅਦਾ ਲੈ ਕੇ ਮੈਂ ਉਸ ਨੂੰ ਦਵਾਈ ਲਿਖ ਦਿੱਤੀ।

ਯਮੁਨਾ ਦਰਿਆ ਪਾਰ ਯੂ ਪੀ ਦੇ ਪਿੰਡ ਸਨ। ਦਰਿਆ ਵਿੱਚ ਪਾਣੀ ਘੱਟ ਹੋਣ 'ਤੇ ਪਿੰਡਾਂ ਦੇ ਲੋਕ ਮੇਰੀ ਡਿਸਪੈਂਸਰੀ ਵਿੱਚ ਦਵਾਈ ਲੈਣ ਆ ਜਾਂਦੇ ਸਨ, ਕਿਉਂਕਿ ਇਹ ਆਮ ਜਨਤਾ ਲਈ ਵੀ ਖੁੱਲ੍ਹੀ ਸੀ। ਇਕ ਦਿਨ ਇਕ ਮੁਸਲਮਾਨ ਔਰਤ ਦਵਾਈ ਲੈਣ ਆਈ ਅਤੇ ਉਰਦੂ ਵਿੱਚ ਆਖਣ ਲੱਗੀ, 'ਡਾਕਟਰ ਸਾਹਿਬ, ਹਮ ਨੇ ਆਪਕੀ ਰੁਸਵਾਈ (ਬਦਨਾਮੀ) ਬਹੁਤ ਸੁਨੀ ਹੈ। ਇਸ ਲੀਯੇ ਆਪਕੇ ਪਾਸ ਇਲਾਜ ਕੇ ਲਈ ਆਈ ਹੂੰ। ਕੋਈ ਅੱਛੀ ਦਵਾ ਦੇ ਕੇ ਰਾਜੀ ਕਰ ਦੋ।' ਮੇਰਾ ਰੰਗ ਉਡ ਗਿਆ ਕਿ ਮੈਂ ਇਹੋ ਜਿਹੀ ਕਿਹੜੀ ਹਰਕਤ ਕਰ ਬੈਠਾਂ, ਜਿਸ ਕਰਕੇ ਮੇਰੀ ਦੂਰ-ਦੂਰ ਤੱਕ ਰੁਸਵਾਈ ਹੋ ਗਈ। ਮੈਂ ਉਸ ਨੂੰ ਉਰਦੂ ਵਿੱਚ ਪੁੱਛਿਆ, 'ਮੋਹਤਰਮਾ ਯਹ ਬਤਾਓ ਕਿ ਮੈਨੇ ਕਯਾ ਕੀਆ ਹੈ।' ਉਹ ਕਹਿਣ ਲੱਗੀ, 'ਡਾਕਟਰ ਸਾਹਿਬ ਆਪਕੇ ਇਲਾਜ ਸੇ ਹਮਾਰੇ ਇਲਾਕੇ ਕੇ ਕਈ ਮਰੀਜ਼ ਠੀਕ ਹੋ ਗਏ ਹੈ ਇਸ ਲੀਯੇ ਆਪਕੀ ਰੁਸਵਾਈ ਫੈਲ ਗਈ ਹੈ।'

ਮੈਂ ਸਮਝ ਗਿਆ ਕਿ ਇਹ ਔਰਤ ਕਹਿਣਾ ਤਾਂ ਮਸ਼ਹੂਰੀ ਚਾਹੁੰਦੀ ਏ ਪਰ ਗਲਤੀ ਨਾਲ ਉਸ ਦਾ ਉਲਟ ਰੁਸਵਾਈ ਕਹਿ ਰਹੀ ਹੈ। ਮੈਂ ਉਸ ਨੂੰ ਦਵਾਈ ਦੇ ਕੇ ਤੋਰ ਦਿੱਤਾ।

ਤਾਜੇਵਾਲਾ ਤੋਂ ਇਕ ਸਾਲ ਬਾਅਦ 1965 ਵਿੱਚ ਮੇਰੀ ਬਦਲੀ ਕਰਨਾਲ ਨੇੜੇ ਮਸ਼ਹੂਰ ਕਸਬਾ ਤਰਾਵੜੀ ਵਿੱਚ ਹੋਈ, ਜੋ ਬਹੁਤ ਵੱਡੀ ਚੌਲਾਂ ਦੀ ਮੰਡੀ ਹੈ ਤੇ ਉਥੇ ਰੇਲਵੇ ਸਟੇਸ਼ਨ ਵੀ ਹੈ। ਇਹ ਇਕ ਪ੍ਰਾਚੀਨ ਕਸਬਾ ਹੈ ਅਤੇ ਇਤਿਹਾਸ ਵਿੱਚ ਇਸ ਦਾ ਨਾਂ ਰਾਜਾ ਪ੍ਰਿਥਵੀਰਾਜ ਚੌਹਾਨ ਨਾਲ ਜੁੜਿਆ ਹੋਇਆ ਹੈ। ਦੋ ਕਮਰਿਆਂ ਦੀ ਡਿਸਪੈਂਸਰੀ ਪਿੰਡ ਵਿੱਚ ਬਣੀ ਹੋਈ ਸੀ। ਵਿੱਚੇ ਹੀ ਡਾਕਟਰ ਤੇ ਕੰਪਾਊਡਰ ਦੇ ਕੁਆਰਟਰ ਸਨ। ਕੋਈ ਵਾਰਡ ਨਹੀਂ ਸੀ, ਇਸ ਕਰਕੇ ਮਰੀਜ਼ਾਂ ਨੂੰ ਦਾਖਲ ਕਰਕੇ ਇਲਾਜ ਨਹੀਂ ਕੀਤਾ ਜਾਂਦਾ ਸੀ। ਇਲਾਕੇ ਦੇ ਲੋਕ ਚੰਗੇ ਸਨ। ਡਿਸਪੈਂਸਰੀ ਵਿੱਚ ਵਾਰਡ ਦੀ ਘਾਟ ਬਾਰੇ ਮੈਂ ਉਥੋਂ ਦੇ ਇਕ ਵਪਾਰੀ ਨਾਲ ਗੱਲ ਕੀਤੀ। ਉਸ ਨੇ ਡਿਸਪੈਂਸਰੀ ਵਿੱਚ ਵਾਰਡ ਬਣਵਾ ਦਿੱਤਾ, ਨਾਲ ਹੀ ਮਰੀਜ਼ਾਂ ਦੀ ਵਰਤੋਂ ਵਾਸਤੇ ਬਾਥਰੂਮ ਵੀ। ਪਾਣੀ ਲਈ ਇਕ ਟੰਬੀ ਲੁਆ ਦਿੱਤੀ। ਇਸ ਤਰ੍ਹਾਂ ਕੁਆਰਟਰਾਂ ਦੇ ਬਾਥਰੂਮ ਵਿੱਚ ਵੀ ਪਾਣੀ ਦਾ ਬੰਦੋਬਸਤ ਹੋ ਗਿਆ। ਇਹ ਸਾਰਾ ਕੰਮ ਕੁਝ ਹੀ ਮਹੀਨਿਆਂ ਵਿੱਚ ਹੋ ਗਿਆ। ਨਾ ਕੋਈ ਨਕਸ਼ਾ, ਨਾ ਵਿਖਾਵਾ, ਨਾ ਹੀ ਫੀਤੇ ਕੱਟਣ ਦੀ ਰਸਮ ਤੇ ਮਰੀਜ਼ਾਂ ਦੇ ਦਾਖਲੇ ਸ਼ੁਰੂ ਹੋ ਗਏ। ਵਾਰਡ ਕਰੀਬ ਭਰਿਆ ਰਹਿੰਦਾ ਸੀ।

ਡਿਸਪੈਂਸਰੀ 'ਚੋਂ ਨਿਕਲਦਿਆਂ ਹੀ ਇਕ ਮੁਹੱਲਾ ਆਉਂਦਾ ਸੀ, ਜਿਸ ਵਿੱਚ ਤਰਖਾਣ ਰਹਿੰਦੇ ਸਨ। ਗਲੀ ਦੇ ਦੋਵੇਂ ਪਾਸੇ ਮਕਾਨ ਸਨ ਐਨ ਵਿਚਕਾਰ ਨਾਲੀ ਵੱਗਦੀ ਸੀ। ਲੋਕੀਂ ਸ਼ਾਮ ਨੂੰ ਘਰ ਦੇ ਬਾਹਰ ਗਲੀ ਵਿੱਚ ਮੰਜੇ ਡਾਹ ਕੇ ਇਕ ਦੂਜੇ ਨਾਲ ਗੱਪਸ਼ੱਪ ਮਾਰਦੇ ਸਨ, ਪਰ ਗਲੀ ਦੇ ਬੱਚੇ ਆਮ ਤੌਰ 'ਤੇ ਬਿਮਾਰ ਰਹਿੰਦੇ ਸਨ। ਉਹ ਨਾਲੀ ਵਗਣ ਨਾਲ ਬਿਮਾਰੀਆਂ ਪੈਦਾ ਕਰਦੀ ਸੀ ਅਤੇ ਮੀਂਹ ਨਾਲ ਹੋਰ ਵੀ ਬੁਰਾ ਹਾਲ ਹੋ ਜਾਂਦਾ ਸੀ। ਇਕ ਦਿਨ ਸ਼ਾਮ ਨੂੰ ਮੈਂ ਉਥੋਂ ਲੰਘਦਿਆਂ ਇਕ ਬੰਦੇ ਦੇ ਮੰਜੇ 'ਤੇ ਬਹਿ ਗਿਆ। ਉਹ ਬੜਾ ਖੁਸ਼ ਹੋਇਆ ਅਤੇ ਮੇਰਾ ਹਾਲ ਚਾਲ ਪੁੱਛਣ ਲੱਗਾ। ਕੁਝ ਹੋਰ ਲੋਕ ਆ ਕੇ ਬਹਿ ਗਏ। ਮੈਂ ਉਨ੍ਹਾਂ ਦਾ ਧਿਆਨ ਗਲੀ ਵਿਚਾਲੇ ਵਗਦੀ ਨਾਲੀ ਵੱਲ ਦਿਵਾਇਆ ਤੇ ਦੱਸਿਆ ਕਿ ਇਹ ਉਨ੍ਹਾਂ ਦੇ ਬੱਚਿਆਂ ਦੀ ਬਿਮਾਰੀ ਦੀ ਜੜ੍ਹ ਹੈ। ਮੈਂ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਗਲੀ ਨੂੰ ਪੱਕਾ ਕਰ ਲਿਆ ਜਾਵੇ। ਉਨ੍ਹਾਂ ਇਕ ਵਾਰੀ ਵੀ ਨਹੀਂ ਕਿਹਾ ਕਿ ਇਹ ਕੰਮ ਸਰਕਾਰ ਜਾਂ ਪੰਚਾਇਤ ਦਾ ਹੈ ਅਤੇ ਥੋੜ੍ਹੇ ਦਿਨਾਂ ਵਿੱਚ ਰਲ ਮਿਲ ਕੇ ਪੱਕੀ ਕਰ ਲਈ। ਦੋਵਾਂ ਕਿਨਾਰਿਆਂ 'ਤੇ ਪੱਕੀਆਂ ਨਾਲੀਆਂ ਬਣਾ ਦਿੱਤੀਆਂ ਤੇ ਡਿਸਪੈਂਸਰੀ ਦਾ ਕੱਚਾ ਵਿਹੜਾ ਵੀ ਪੱਕਾ ਕਰ ਦਿੱਤਾ।

ਇਕ ਵਾਰੀ ਡਿਸਪੈਂਸਰੀ ਦੇ ਕੰਪਾਊਡਰ ਦੀ ਬਦਲੀ ਕਿਸੇ ਹੋਰ ਥਾਂ ਹੋ ਗਈ ਅਤੇ ਮੇਰੇ ਵਾਸਤੇ ਮੁਸ਼ਕਿਲ ਹੋ ਗਈ ਕਿਉਂ ਜੋ ਨਵੇਂ ਡਾਕਟਰ ਤੋਂ ਪੁਰਾਣੇ ਕੰਪਾਊਡਰ ਦਾ ਤਜਰਬਾ ਜ਼ਿਆਦਾ ਹੁੰਦਾ ਹੈ। ਮੈਂ ਉਥੋਂ ਦੇ ਸਰਪੰਚ ਨੂੰ ਮਿਲਿਆ ਅਤੇ ਕਿਹਾ ਕਿ ਕੰਪਾਊਡਰ ਦੀ ਬਦਲੀ ਰੁਕਵਾਈ ਜਾਵੇ। ਉਹ ਅਗਲੇ ਹੀ ਦਿਨ ਬੱਸ ਫੜ ਕੇ ਚੰਡੀਗੜ੍ਹ ਚਲਾ ਗਿਆ ਤੇ ਸ਼ਾਮ ਨੂੰ ਬਦਲੀ ਰੁਕਣ ਦੇ ਆਰਡਰ ਮੇਰੇ ਹੱਥ ਫੜਾ ਦਿੱਤੇ। ਉਨ੍ਹਾਂ ਨੇ ਆਉਣ ਜਾਣ ਦਾ ਖਰਚਾ ਲੈਣ ਤੋਂ ਵੀ ਇਨਕਾਰ ਕਰ ਦਿੱਤਾ।

ਸਮਾਂ ਲੰਘਦਿਆਂ ਦੇਰ ਨਹੀਂ ਲੱਗਦੀ। ਅਜੇ ਇਕ ਸਾਲ ਹੋਇਆ ਸੀ ਕਿ ਮੇਰੀ ਚੋਣ ਉਚ ਪੱਧਰੀ ਸਿੱਖਿਆ ਪ੍ਰਾਪਤ ਕਰਨ ਲਈ ਅੰਮ੍ਰਿਤਸਰ ਬਦਲੀ ਦੇ ਆਰਡਰ ਆ ਗਏ। ਉਥੋਂ ਤੁਰਦਿਆਂ ਜਦੋਂ ਮੈਂ ਤਰਾਵੜੀ ਸਟੇਸ਼ਨ ਪੁੱਜਾ ਤਾਂ ਵੇਖਿਆ ਕਿ ਲੋਕਾਂ ਦੀ ਭੀੜ ਸੀ, ਜੋ ਮੈਨੂੰ ਅੰਮ੍ਰਿਤਸਰ ਵਾਸਤੇ ਰਵਾਨਾ ਕਰਨ ਆਈ ਸੀ। ਸਟੇਸ਼ਨ ਮਾਸਟਰ ਨੇ ਕਿਸੇ ਹੋਰ ਗੱਡੀ ਨੂੰ ਪਾਸ ਦੇਣ ਦੇ ਬਹਾਨੇ 15 ਮਿੰਟ ਗੱਡੀ ਰੋਕੀ ਰੱਖੀ ਤਾਂ ਜੋ ਲੋਕ ਮੈਨੂੰ ਚੰਗੀ ਤਰ੍ਹਾਂ ਮਿਲ ਸਕਣ। ਸਾਰਾ ਸਮਾਂ ਮੈਂ ਇਸੇ ਸੋਚ ਵਿੱਚ ਰਿਹਾ ਕਿ ਮੈਂ ਇਸ ਮਾਣ ਦੇ ਯੋਗ ਨਹੀਂ, ਜੋ ਲੋਕ ਮੈਨੂੰ ਦੇ ਰਹੇ ਹਨ। ਇਹ ਉਨ੍ਹਾਂ ਦੀ ਵਡਿਆਈ ਸੀ ਕਿ ਮੇਰੇ ਵਰਗੇ ਨਿੱਕੇ ਡਾਕਟਰ ਨੂੰ, ਜਿਸ ਨੂੰ ਦੋ ਸਾਲ ਡਾਕਟਰ ਬਣੇ ਨੂੰ ਹੋਏ ਸਨ, ਇੰਨਾ ਪਿਆਰ ਦਿੱਤਾ। ਅੰਮ੍ਰਿਤਸਰ ਪਹੁੰਚ ਕੇ ਇਕ ਦੋ ਦਿਨ ਬਾਅਦ ਤਰਾਵਰੀ ਦੇ ਇਕ ਪੱਤਰਕਾਰ ਵੱਲੋਂ ਭੇਜੀ ਖਬਰ ਇਕ ਅੰਗਰੇਜ਼ੀ ਅਖਬਾਰ ਦੇ ਤੀਜੇ ਸਫੇ ਉੱਤੇ ਛਪੀ ਕਿ ਉਥੋਂ ਦਾ ਮੈਡੀਕਲ ਅਫਸਰ ਡਾ. ਅਦਲੱਖਾ ਉਚ ਪੱਧਰੀ ਸਿੱਖਿਆ ਲਈ ਅੰਮ੍ਰਿਤਸਰ ਘੱਲਿਆ ਗਿਆ ਹੈ। ਅੱਜ ਇਹ ਗੱਲਾਂ ਸੁਪਨੇ ਵਰਗੀਆਂ ਲੱਗਦੀਆਂ ਹਨ।

## ਹਲਕਾ ਫੁਲਕਾ

ਪਤਨੀ (ਖਾਣਾ ਖਾਂਦੇ ਪਤੀ ਨੂੰ), "ਮੈਂ ਕਿਹਾ, ਜੀ, ਜ਼ਰਾ ਰਸੋਈ 'ਚੋਂ ਨਮਕ ਦਾ ਡੱਬਾ ਲੈ ਆਉਣਾ।"
ਪਤੀ ਰਸੋਈ ਵਿੱਚ ਕਾਫੀ ਦੇਰ ਲੱਭਣ ਪਿੱਛੋਂ ਆਵਾਜ਼ ਦੇਂਦਾ ਹੈ, "ਇਥੇ ਨਮਕ ਵਾਲਾ ਡੱਬਾ ਹੈ ਹੀ ਨਹੀਂ।"
ਪਤਨੀ, "ਇੱਕ ਨੰਬਰ ਦੇ ਕੰਮਚੋਰ ਹੋ, ਕੋਈ ਕੰਮ ਠੀਕ ਢੰਗ ਨਾਲ ਨਹੀਂ ਕਰ ਸਕਦੇ। ਸਾਰਾ ਦਿਨ ਗੱਪਾਂ ਮਾਰਦੇ ਰਹਿੰਦੇ ਹੋ, ਮੋਬਾਈਲ ਫੋਨ ਤੋਂ ਇਲਾਵਾ ਕੁਝ ਨਹੀਂ ਦਿਸਦਾ, ਇਹ ਫੇਸਬੁੱਕ ਕਿਸੇ ਦਿਨ ਸਾਡਾ ਤਲਾਕ ਕਰਾਏਗੀ। ਦੋਸਤਾਂ ਨਾਲ ਆਵਾਰਾਗਰਦੀ, ਸਾਰਾ ਦਿਨ ਗੁਆਂਢਣ 'ਤੇ ਨਜ਼ਰ ਰੱਖਣੀ, ਇਹੋ ਸਭ ਕਰਦੇ ਹੋ। ਮੈਨੂੰ ਪਤਾ ਸੀ ਕਿ ਤੁਹਾਨੂੰ ਨਹੀਂ ਮਿਲੇਗਾ, ਇਸ ਲਈ ਪਹਿਲਾਂ ਹੀ ਲੈ ਆਈ ਸੀ, ਆ ਜਾਓ ਤੇ ਚੁੱਪਚਾਪ ਖਾਣਾ ਖਾ ਲਓ।"

*********

ਪਤਨੀ (ਪਤੀ ਨੂੰ), "ਜਿਵੇਂ ਹੀ ਮੈਂ ਤੁਹਾਡੇ ਕੋਲ ਆਉਂਦੀ ਹਾਂ, ਤੁਸੀਂ ਐਨਕ ਕਿਉਂ ਲਾ ਲੈਂਦੇ ਹੋ?"
ਪਤੀ, "ਡਾਕਟਰ ਨੇ ਕਿਹਾ ਸੀ ਕਿ ਜਦੋਂ ਸਿਰਦਰਦ ਹੋਵੇ ਤਾਂ ਐਨਕ ਲਾ ਲਵੀਂ।"

*********

ਫਕੀਰ, "ਤੁਹਾਡੇ ਗੁਆਂਢੀ ਨੇ ਪੇਟ ਭਰ ਕੇ ਖਾਣਾ ਖੁਆਇਆ ਹੈ, ਤੁਸੀਂ ਵੀ ਕੁਝ ਖੁਆ ਦਿਓ।"
ਬੰਟੀ, "ਇਹ ਲਓ ਹਾਜਮੋਲਾ।"

********

ਨੌਕਰ, "ਸੇਠ ਜੀ, ਤੁਸੀਂ ਮੇਰੇ 'ਤੇ ਵਿਸ਼ਵਾਸ ਕਰਦੇ ਹੋ ਨਾ।"
ਸੇਠ ਬਾਂਕੇ ਲਾਲ, "ਹਾਂ ਹਾਂ ਬਹੁਤ ਵਿਸ਼ਵਾਸ ਕਰਦਾ ਹਾਂ, ਪਰ ਤੂੰ ਮੇਰੇ ਤੋਂ ਕਿਉਂ ਪੁੱਛ ਰਿਹਾ ਏਂ?"
ਨੌਕਰ, "ਜੀ ਅਜਿਹੀ ਕੋਈ ਗੱਲ ਨਹੀਂ, ਪਰ ਤੁਸੀਂ ਜੋ ਚਾਬੀਆਂ ਮੈਨੂੰ ਦੇ ਕੇ ਜਾਂਦੇ ਹੋ, ਤਿਜੌਰੀ ਨੂੰ ਉਨ੍ਹਾਂ 'ਚੋਂ ਇੱਕ ਵੀ ਨਹੀਂ ਲੱਗਦੀ।"

********

ਸੰਗੀਤਾ, "ਅੱਜ ਤਾਂ ਤੁਸੀਂ ਇਕਦਮ ਮਦਾਰੀ ਲੱਗ ਰਹੇ ਹੋ।"
ਸੁਰੇਸ਼, "ਠੀਕ ਕਹਿ ਰਹੀ ਏਂ, ਜਿਸ ਦੇ ਨਾਲ ਬਾਂਦਰੀ ਹੋਵੇ, ਉਹ ਮਦਾਰੀ ਤਾਂ ਲੱਗੇਗਾ ਹੀ।"

********

ਸੁਖੀਰਾਮ ਤੇ ਦੁਖੀਰਾਮ ਚੱਲਦੇ ਚੱਲਦੇ ਕਬਰਿਸਤਾਨ ਪਹੁੰਚ ਗਏ। ਕਬਰਾਂ ਵੱਲ ਇਸ਼ਾਰਾ ਕਰਦੇ ਹੋਏ ਦੁਖੀਰਾਮ ਨੇ ਸੁਖੀਰਾਮ ਨੂੰ ਕਿਹਾ, "ਕਿੰਨੇ ਖੁਸ਼ਨਸੀਬ ਹਨ ਇਹ ਲੋਕ। ਬਿਨਾਂ ਕਿਸੇ ਟੈਨਸ਼ਨ ਦੇ ਕਿੰਨੇ ਆਰਾਮ ਅਤੇ ਸ਼ਾਂਤੀ ਨਾਲ ਸੌਂ ਰਹੇ ਹਨ।"
ਇੰਨੇ ਵਿੱਚ ਇੱਕ ਮੁਰਦਾ ਕਬਰ 'ਚੋਂ ਬਾਹਰ ਆ ਕੇ ਬੋਲਿਆ, "ਇਸ ਸ਼ਾਂਤੀ-ਆਰਾਮ ਲਈ ਸਾਨੂੰ ਆਪਣੀ ਜਾਨ ਦੇਣੀ ਪਈ। ਤੁਸੀਂ ਦਿਓਗੇ ਆਪਣੀ ਜਾਨ?"

*********

ਨੰਨ੍ਹੇ ਦੀ ਮਾਂ ਪ੍ਰੇਸ਼ਾਨ ਹੋ ਕੇ ਬੋਲੀ, "ਤੇਰੀਆਂ ਸ਼ਰਾਰਤਾਂ ਤੋਂ ਮੈਂ ਤੰਗ ਆ ਗਈ ਹਾਂ। ਦੇਖ, ਤੇਰੀਆਂ ਸ਼ਰਾਰਤਾਂ ਕਾਰਨ ਮੇਰੇ ਚਿੱਟੇ ਵਾਲੇ ਆਉਣ ਲੱਗੇ ਹਨ।"
ਨੰਨ੍ਹਾ ਬੋਲਿਆ, "ਫਿਰ ਤਾਂ ਮੰਮੀ ਤੁਸੀਂ ਬਚਪਨ ਵਿੱਚ ਬਹੁਤ ਸ਼ਰਾਰਤਾਂ ਕਰਦੇ ਹੋਵੋਗੇ। ਦੇਖੋ ਨਾ, ਨਾਨੀ ਜੀ ਦੇ ਸਿਰ ਦੇ ਸਾਰੇ ਵਾਲ ਚਿੱਟੇ ਹੋ ਗਏ ਹਨ।:"

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
Photo Not Available
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$969,900
Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# ਵਾਹਿਆਤ ਹਨ ਵੈੱਬ ਸੀਰੀਜ਼ : ਸਲਮਾਨ ਖਾਨ



ਪਿਛਲੇ ਦਿਨੀਂ ਸਲਮਾਨ ਖਾਨ ਨੇ ‘ਨੋਟਬੁਕ’ ਵਿੱਚ ਨਵੇਂ ਚਿਹਰਿਆਂ ਪ੍ਰਨੂਤਨ ਬਹਿਲ (ਮੋਹਨੀਸ਼ ਬਹਿਲ ਦੀ ਬੇਟੀ) ਅਤੇ ਜ਼ਹੀਰ ਇਕਬਾਲ ਨੂੰ ਗਲੈਮਰ ਵਰਲਡ ਵਿੱਚ ਉਤਾਰਿਆ ਹੈ। ‘ਨੋਟਬੁਕ’ ਇੱਕ ਰੋਮਾਂਟਿਕ ਅਤੇ ਇਮੋਸ਼ਨਲ ਸਟੋਰੀ ਹੈ, ਜਿਸ ਵਿੱਚ ਪੜ੍ਹਾਈ ਦਾ ਸੰਦੇਸ਼ ਵੀ ਦਿੱਤਾ ਗਿਆ ਹੈ। ਐਕਟਰ ਅਤੇ ਫਿਲਮ ਪ੍ਰੋਡਿਊਸਰ ਵਜੋਂ ਉਸ ਦਾ ਕਹਿਣਾ ਹੈ ਕਿ ਮੈਂ ਦੋਵਾਂ ਭੂਮਿਕਾਵਾਂ ਨੂੰ ਇੰਜੁਆਏ ਕਰਦਾ ਹਾਂ। ਨਿਰਮਾਤਾ ਦੇ ਤੌਰ 'ਤੇ ਵੱਧ ਮਿਹਨਤ ਕਰਨੀ ਪੈਂਦੀ ਹੈ। ਪ੍ਰੋਡਕਸ਼ਨ ਅਤੇ ਪੈਸੇ ਦਾ ਕੰਮ ਤਾਂ ਪੂਰੀ ਟੀਮ ਦੇਖ ਲੈਂਦੀ ਹੈ, ਪਰ ਸਕ੍ਰਿਪਟਿੰਗ ਅਤੇ ਮਿਊਜ਼ਿਕ ਸਮੇਤ ਦੂਸਰੇ ਡਿਪਾਰਟਮੈਂਟ ਵਿੱਚ ਬਹੁਤ ਮਿਹਨਤ ਲੱਗਦੀ ਹੈ। ਜਦ ਤੁਸੀਂ ਖੁਦ ਐਕਟਿੰਗ ਕਰੋ ਤਾਂ ਅਜਿਹੇ ਵਿੱਚ ਨਿਰਮਾਤਾ ਵਜੋਂ ਇਹ ਸਭ ਡਿਪਾਰਟਮੈਂਟ ਦੇਖਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਬਹੁਤ ਐਨਰਜੀ ਲੱਗਦੀ ਹੈ। ਵੈਬ ਸੀਰੀਜ਼ ਨਾਲ ਜੁੜਨ ਬਾਰੇ ਸਲਮਾਨ ਨੇ ਕਿਹਾ: ‘ਮੈਨੂੰ ਵੈੱਬ ਸੀਰੀਜ਼ ਵਾਹਿਆਤ ਲੱਗਦੇ ਹਨ। ਮੈਨੂੰ ਡਿਜੀਟਲ ਪਲੇਟਫਾਰਮ ਉਤੇ ਕਾਫੀ ਆਫਰ ਆ ਚੁੱਕੇ ਹਨ, ਪਰ ਮੈਂ ਨਹੀਂ ਕਰ ਸਕਦਾ। ਬਹੁਤ ਤਹਿਜ਼ੀਬ ਅਤੇ ਤਮੀਜ਼ ਵਾਲਾ ਰੋਮਾਂਸ ਮੈਨੂੰ ਪਸੰਦ ਹੈ, ਜਿਹੋ ਜਿਹਾ ‘ਹਮ ਆਪ ਕੇ ਹੈਂ ਕੌਨ’ ਵਿੱਚ ਸੀ।

ਕਸ਼ਮੀਰ ਵਿੱਚ ਐਜੂਕੇਸ਼ਨ ਬਾਰੇ ਉਸ ਦਾ ਕਹਿਣਾ ਹੈ, ‘ਕਸ਼ਮੀਰ ਵਿੱਚ ਐਜੂਕੇਸ਼ਨ ਬੇਹੱਦ ਜ਼ਰੂਰੀ ਹੈ। ਫਿਲਮ ਦਾ ਪਲਾਟ ਵੀ ਅਜਿਹਾ ਹੀ ਹੈ ਕਿ ਕਿਵੇਂ ਬੱਚਿਆਂ ਨੂੰ ਬੰਦੂਕ ਚੁੱਕਣ ਲਈ ਮਜਬੂਰ ਕੀਤਾ ਜਾਂਦਾ ਹੈ। ਐਜੂਕੇਸ਼ਨ ਬਹੁਤ ਜ਼ਰੂਰੀ ਹੈ, ਪਰ ਉਸ ਤੋਂ ਵੀ ਵੱਧ ਇਹ ਜਾਨਣਾ ਜ਼ਰੂਰੀ ਹੈ ਕਿ ਅਸੀਂ ਕਿੱਦਾਂ ਦੀ ਸਿਖਿਆ ਆਪਣੇ ਬੱਚਿਆਂ ਨੂੰ ਦੇ ਰਹੇ ਹਾਂ। ਗੌਰ ਕਰੀਏ ਤਾਂ ਟੈਰੇਰਿਸਟ ਨੂੰ ਵੀ ਐਜੂਕੇਸ਼ਨ ਦਿੱਤੀ ਗਈ ਸੀ, ਪਰ ਉਸ ਨੂੰ ਗਲਤ ਕਿਸਮ ਦੀ ਸਿਖਿਆ ਦਿੱਤੀ ਗਈ ਸੀ। ਇਹ ਬੇਹੱਦ ਜ਼ਰੂਰੀ ਹੈ ਕਿ ਜ਼ਿੰਦਗੀ ਵਿੱਚ ਸਹੀ ਤਰ੍ਹਾਂ ਦੇ ਟੀਚਰ ਮਿਲਣ ਅਤੇ ਸਹੀ ਤਰ੍ਹਾਂ ਦਾ ਗਿਆਨ ਮਿਲੇ। ਮੇਰਾ ਦਿਲ ਉਨ੍ਹਾਂ ਲੋਕਾਂ ਦੇ ਨਾਲ ਹੈ, ਜਿਨ੍ਹਾਂ ਨੇ ਅਟੈਕ ਦੇ ਦੌਰਾਨ ਆਪਣੀ ਜਾਨ ਗਵਾਈ।

# ਸ਼ਾਹਰੁਖ ਨੇ 22 ਹਿੱਟ ਫਿਲਮਾਂ ਦੇ ਸੈਟੇਲਾਈਟ ਰਾਈਟਸ ਵੇਚੇ

ਸ਼ਾਹਰੁਖ ਖਾਨ ਦੀਆਂ ਫਿਲਮ ਬੇਸ਼ੱਕ ਇਨ੍ਹਾਂ ਦਿਨੀਂ ਨਾ ਚੱਲੀਆਂ ਹੋਣ, ਪ੍ਰੰਤੂ ਉਨ੍ਹਾਂ ਦੀ ਪਾਪੂਲੈਰਿਟੀ ਨੂੰ ਫਰਕ ਨਹੀਂ ਪਿਆ। ਪਿੱਛੇ ਜਿਹੇ ਉਨ੍ਹਾਂ ਨੇ ਇੱਕ ਟੀ ਵੀ ਚੈਨਲ ਨੂੰ ਆਪਣੀਆਂ 22 ਹਿੱਟ ਫਿਲਮਾਂ ਦੇ ਸੈਟੇਲਾਈਟ ਰਾਈਟਸ ਵੇਚੇ ਹਨ। ਇਨ੍ਹਾਂ ਵਿੱਚ ‘ਸਵਦੇਸ਼’, ‘ਓਮ ਸ਼ਾਂਤੀ ਓਮ’, ‘ਦਿਲਵਾਲੇ’, ‘ਚੇਨਈ ਐਕਸਪ੍ਰੈਸ’, ‘ਹੈਪੀ ਨਿਊ ਈਅਰ’, ‘ਡੀਅਰ ਜ਼ਿੰਦਗੀ’ ਆਦਿ ਕਈ ਫਿਲਮਾਂ ਹਨ। ਦਰਅਸਲ ਟੀ ਵੀ ਉਤੇ ਅੱਜ ਵੀ ਸ਼ਾਹਰੁਖ ਦੀਆਂ ਫਿਲਮਾਂ ਦੇ ਸੈਟੇਲਾਈਟ ਰਾਈਟਸ ਖਰੀਦਣ ਦੀ ਦੌੜ ਲੱਗੀ ਰਹਿੰਦੀ ਹੈ। ਇਸੇ ਕਾਰਨ ਸ਼ਾਹਰੁਖ ਦੀਆਂ 22 ਫਿਲਮਾਂ ਦੇ ਸੈਟੇਲਾਈਟ ਰਾਈਟਸ ਦੀ ਡੀਲ ਕਰੋੜਾਂ ਵਿੱਚ ਹੋਈ ਹੈ। ਜਾਣਕਾਰ ਸੂਤਰਾਂ ਮੁਤਾਬਕ ਇਹ ਬਾਲੀਵੁੱਡ ਫਿਲਮਾਂ ਦੀ ਅੱਜ ਤੱਕ ਦੀ ਸਭ ਤੋਂ ਵੱਡੀ ਸੈਟੇਲਾਈਟ ਡੀਲ ਹੈ। ਅਸਲ ਵਿੱਚ ਡੀਲ ਕਿੰਨੇ ਵਿੱਚ ਹੋਈ, ਇਸ ਦਾ ਖੁਲਾਸਾ ਨਹੀਂ ਹੋਇਆ, ਪਰ ਮੰਨਿਆ ਜਾਂਦਾ ਹੈ ਕਿ ਡੀਲ ਵਿੱਚ ਕਾਫੀ ਵੱਡੀ ਰਕਮ ਦਾ ਭੁਗਤਾਨ ਕੀਤਾ ਗਿਆ ਹੈ। ਇਸ ਡੀਲ ਵਿੱਚ ਇੱਕ ਵੱਡਾ ਹਿੱਸਾ ਸ਼ਾਹਰੁਖ ਨੂੰ ਵੀ ਮਿਲੇਗਾ।










www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD

Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON

ਮਾਉਨਟੇਨਐਸ਼/ਬ੍ਰਵੇਰਡ
ਸਾਫ ਸੁਥਰਾ ਡਬਲ ਸਟੋਰੀ ਡਿਟੈਚ ਘਰ (approx.3321 sqft), ਜਿਸ ਨੂੰ 4 ਬੈਡਰੂਮ , 6 ਵਾਸ਼ਰੂਮ ਨਾਲ ਹੀ 3 ਬੈਡਰੂਮ Finished ਬੈਸਮੈਂਟ ਨੂੰ ਸੇਪਰੇਟ ਏਂਟਰੈਂਸ (Rented $1200/Month), ਓਕ ਸਟੇਅਰਸ, ਸਟੇਨਲੈਸ ਸਟੀਲ ਅਪਲਾਇੰਸਿਸ, ਬੈਡਰੂਮ ਨੂੰ 5 ਪੀਸ-ਇਨ ਸੂਟ ਤੇ ਹੋਰ ਵੀ ਬਹੁਤ ਕੁਝ।

BRAMPTON

ਵੈਨ ਕ੍ਰਕ/ਵੈਨਲੈਸ
ਵਧੀਆ ਤੇ ਸਾਫ ਸੁਥਰਾ (approx.2532 sqft) 4 ਬੈਡਰੂਮ 4 ਵਾਸ਼ਰੂਮ ਦਾ ਡਿਟੈਚ ਘਰ ਜਿਸ ਨੂੰ ਕਿ ਡਬਲ ਡੋਰ ਏਂਟਰੈਂਸ, ਓਕ ਸਟੇਅਰਸ, ਹਾਰਡਵੁਡ ਫਲੋਰ, 9 ਫੁੱਟ ਸਿਲਿੰਗ, ਬੈਡਰੂਮ ਨੂੰ 5 ਪੀਸ-ਇਨ ਸੂਟ, ਸਟੇਨਲੈਸ ਸਟੀਲ ਅਪਲਾਇੰਸਿਸ, ਪਾਰਕ, ਸਕੂਲ ਆਦਿ ਸਹੂਲਤਾਂ ਦੇ ਨੇੜੇ।

GUELPH

ਗਲਫ, ਓਨਟਾਰੀਓ
ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ , 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਊਨ-ਹਾਊਸ। ਫੀਨਿਸ਼ਡ ਬੈਸਮੈਂਟ ਵਿੱਚ *rec room*, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।

BRAMPTON

ਫਾਦਰ ਟੋਬਿਨ/ਬਰੈਮਲੀ ਰੋਡ
ਸੋਹਣਾ ਤੇ ਸਾਫ ਸੁਥਰਾ 3 ਸਟੋਰੀ ਡਿਟੈਚ ਘਰ (approx.3200 sqft), ਜਿਸ ਨੂੰ 5 ਬੈਡਰੂਮ , 5 ਵਾਸ਼ਰੂਮ। U/F ਬੈਸਮੈਂਟ, 9 ਫੁੱਟ ਸਿਲਿੰਗ,ਓਕ ਸਟੇਅਰਸ, ਕਿਚਨ ਨੂੰ ਸਟੋਨ ਕਾਂਉਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਬੈਡਰੂਮ ਨੂੰ 5 ਪੀਸ ਇਨ ਸੂਟ, ਆਦਿ ਸਹੂਲਤਾਂ ਦੇ ਨੇੜੇ।

BRAMPTON

3 Car Garage
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਵਧੀਆ 5+1 ਬੈਡਰੂਮ (approx.5000 sqft) , 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ,ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON

SOLD
ਵੈਨਲੈਸ/ਵੈਨ ਕ੍ਰਕ
SOLD AT 100% OF ASKING PRICE

REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੋਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com

Carte KANG TAX & FINANCIAL SERVICES
- Personal and Corporate Tax Filings**
- RDSP, RESP, RRSP, TFSA Plans*
- Home and Auto Insurance***

Free Tax Filing For New Immigrants
416-271-4877 Email: sukhwinder.kang@cartewm.com
Sukhwinder Kang (M.Sc. CFP) Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
* Mutual funds provided by Carte Wealth Management Inc.
** Tax planning and filings provided by Kang Tax & Financial Services
*** Property & Casualty Insurance provided by Armour Insurance Brokers Ltd.

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystem.com
Call: 416-452-0677

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd | Mcvean Dr | Gore Rd | Squire Ellis Dr | Countryside Dr